ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਕਤਲਗੜ੍ਹ ਚਮਕੌਰ ਸਾਹਿਬ

DEC 1988



ਦਸੰਬਰ ੧੯੮੮

ਅੰਗੀਠਾ ਅਸਥਾਨ ਵੱਡੇ ਸਾਹਿਬਜ਼ਾਦਿਆਂ

www.AKJ.Org

# ਤ ਤ ਕ ਰਾ


| | | |
|---|---|---|
| ਸ੍ਰੀ ਦਸਮੇਸ਼ ਬਿਬਾਰਿਆ ਪਰਉਪਕਾਰ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦੁਖਿਆ ਪੰਜਾਬ ਤੇ ਖ਼ੁਸ਼ੀਆਂ ਮਨਾਂਦੀ ਦੀਵਾਲੀ | ੪ | ਸੰਪਾਦਕੀ |
| ਅੰਮ੍ਰਿਤ ਵੇਲੇ ਗੁਰਮਤਿ ਇਸ਼ਨਾਨ | ੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਿਦਕੁ ਕਰਿ ਸਿਜਦਾ | ੯ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| "ਜਾਗਨ ਨੀਕਾ" | ੧੪ | ਸ: ਰਜਿੰਦਰ ਸਿੰਘ, ਅਮਰੀਕਾ |
| ਗੁਰੂ ਤੇਗ ਬਹਾਦਰ ਜੀ ਜੀਵਨ, ਬਾਣੀ ਤੇ ਸ਼ਹਾਦਤ | ੧੫ | ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ |
| ਜਿਸੁ ਡਿਠੇ ਸਭਿ ਦੁਖ ਜਾਇ | ੧੮ | ਸ: ਧਿਆਨ ਸਿੰਘ ਜੀ |
| ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ (ਕਵਿਤਾ) | ੧੯ | ਸ: ਅਤਰ ਸਿੰਘ ਜੀ ਨੀਰ |
| ਬਾਬਾ ਅਟੱਲ–ਪਕੀਆਂ ਪਕਾਈਆਂ ਘਲ | ੧੯ | ... ... ... |
| 'ਕਾਹੇ ਜਗਿ ਆਏ ਰਾਮ ਰਾਜੇ ?' | ੨੩ | ਸੂਬੇਦਾਰ ਧਰਮ ਸਿੰਘ ਜੀ |
| ਹਰੀ-ਮੰਦਰ ਕਿ ਸੁਨਹਿਰੀ ਮੰਦਰ ? | ੨੭ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਸ੍ਰੀ ਹਰਿਮੰਦਰ ਸਾਹਿਬ | ੩੨ | ਪ੍ਰੋਫ਼ੈਸਰ ਪੂਰਨ ਸਿੰਘ ਜੀ |
| ਕਰੋ ਏਕਤਾ ਇਕੋ ਹੀ ਰਾਹ ਚਲੋ (ਕਵਿਤਾ) | ੩੨ | ਸ: ਅਤਰ ਸਿੰਘ ਜੀ ਨੀਰ |
| ਹੜ੍ਹ-ਪੀੜਤਾਂ ਦੀ ਸਹਾਇਤਾ | ੩੪ | ਜਥੇਦਾਰ, ਅਖੰਡ ਕੀਰਤਨੀ ਜਥਾ |
| ਧਰਮ ਦਾ ਕੁੰਡਾ ਕਿਹੜਾ ? ਅਤੇ ਕਿਥੇ ? | ੩੫ | ਸੂਰਾ ਪਰਵਾਰ |
| ਪਾਰਬ੍ਰਹਮ ਦਾ ਨਿਜ ਭਗਤ | ੩੬ | ਡਾਕਟਰ ਤਾਰਨ ਸਿੰਘ ਜੀ |
| ਨਿਤ ਮੁਹਿੰਮਾਂ ਪੰਜਾਬ ਦੇ ਜਾਇਆਂ ਨੂੰ | ੩੬ | ਗਿ: ਗੋਪਾਲ ਸਿੰਘ ਜੀ ਮਿਤਰ |
| ਪੁਲਿਸ ਦੀ ਕੁਹਜੀ ਹਰਕਤ | ੩੭ | ਜਥੇਦਾਰ, ਅਖੰਡ ਕੀਰਤਨੀ ਜਥਾ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੧੨ ਦਸੰਬਰ ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ ੧੩ ਦਸੰਬਰ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ. ਭੁਪਿੰਦਰ ਸਿੰਘ ਆਬੂ ਧਾਬੀ | ਸੂਰਾ ਦੀ ਚੜ੍ਹਦੀ ਕਲਾਂ ਲਈ | ੫੦੦-੦੦ |
| ਸ. ਵਰਿਆਮ ਸਿੰਘ ਕਾਨਪੁਰ | ਮਾਤਾ ਜੀ ਦੀ ਯਾਦ ਵਿਚ | ੫੦-੦੦ |
| ਸ. ਬੂਟਾ ਸਿੰਘ ਕੇਸਰ ਸਿੰਘ ਪਾਥਰਡੀਹ | ਬੀਬੀ ਤਰਨਜੀਤ ਕੌਰ ਦੇ ਨਮਿਤ | ੧੦੧-੦੦ |
| ਭਾ. ਜੋਗਿੰਦਰ ਸਿੰਘ ਭੀਲੋਵਾਲ | ਸੂਰਾ ਦੀ ਚੜ੍ਹਦੀ ਕਲਾ ਲਈ | ੭੫-੦੦ |
| ਸ. ਜਸਵੰਤ ਸਿੰਘ ਮਾਧੋਪੁਰ ਜਲੋਵਾਲ | ,, ,, ,, ,, ,, | ੩੦੦-੦੦ |
| ਸ. ਨਿਰਮਲ ਸਿੰਘ ਕੋਚਾਰ | ,, ,, ,, ,, ,, | ੧੦੨-੦੦ |
| ਸ. ਕੁਲਦੀਪ ਸਿੰਘ ਰਾਜਪੁਰਾ | ,, ,, ,, ,, ,, | ੧੫੧-੦੦ |
| ਗੁਪਤ ਦਾਨ | ,, ,, ,, ,, ,, | ੪੧-੦੦ |
| ਸ. ਮਿਲਾਪ ਸਿੰਘ ਸਾਊਥਾਲ ਯੂ. ਕੇ. | ,, ,, ,, ,, ,, | ੫੪-੦੦ |
| ਸੰਗਤ ਕਾਨਪੁਰ ਸਮਾਗਮ ਚੜ੍ਹਾਵਾ | ਸ਼ਹੀਦ ਗੁਰਚਰਨ ਸਿੰਘ ਦੀ ਯਾਦ ਵਿਚ | ੧੫੦-੦੦ |
| ਸ. ਗੁਰਮੀਤ ਸਿੰਘ ਮੱਲਾ | ਸੂਰਾ ਦੀ ਚੜ੍ਹਦੀ ਕਲਾ ਲਈ | ੨੫-੦੦ |
| ਸ. ਗੁਰਮੀਤ ਸਿੰਘ ਮੱਲਾ | ਰੈਣ ਸਬਾਈ ਕੀਰਤਨ ਦੀ ਖ਼ੁਸ਼ੀ ਵਿਚ | ੨੫-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧੨-੧-੮੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ : 43094



www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਸ੍ਰੀ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਪੱਤਰ ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
Foreign Subscription
Sea Mail 40-00
Air Mail 100-00
ਅਮਾਨਤੀ
ਲਾਈਫ਼ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਦਸੰਬਰ ੧੯੯੮ ਅੰਕ ੧੨


## ਸ੍ਰੀ ਦਸਮੇਸ਼ ਬਿਥਾਰਿਆ ਪਰਉਪਕਾਰ

ਭੈ ਦੇਣਹਾਰਿਆਂ ਖਲਦਲੀ ਜਰਵਾਣਿਆਂ ਦੇ ਜ਼ੋਰ ਜ਼ੁਲਮ ਤੋਂ ਸੁਤੰਤਰਤਾ ਦੇਣਹਾਰੀ ਇਹ ਸਿਰੀ ਸਾਹਿਬ ਹੈ, ਅਤੇ ਅਵਸਰ ਪਏ ਤੇ ਕੇਵਲ ਸਿਰੀ ਸਾਹਿਬ ਦਾ ਸਹਾਰਾ ਲੈਣਾ ਹੀ ਗੁਣਕਾਰੀ ਹੈ। ਅਤੇ ਇਸ ਸਹਾਇਤਾ-ਸਹਾਰੇ ਨਮਿਤ ਸਿਰੀ ਸਾਹਿਬ ਦਾ ਵਰਤਣਾ ਪੂਰਨ ਧਰਮ-ਨਿਆਉਂ ਅਤੇ ਪਰਲੇ ਦਰਜੇ ਦਾ ਪਰਉਪਕਾਰ ਹੈ।......ਸ੍ਰੀ ਦਸਮੇਸ਼ ਬਿਥਾਰੇ ਇਸ ਪਰਉਪਕਾਰ ਦੇ ਆਦਰਸ਼ (Ideal) ਨੂੰ, ਛਡ ਦੇ ਕਿਸੇ ਹੋਰਸ ਦੇ ਚਲਾਏ ਆਦਰਸ਼ ਦੇ ਪਿਛੇ ਖ਼ਾਲਸਾ ਜੀ ਦਾ ਲਗਣਾ, ਨਾ-ਕੇਵਲ ਸ੍ਰੀ ਦਸਮੇਸ਼ ਦੇ ਚਲਾਏ ਅਟੱਲ ਆਦਰਸ਼ ਤੋਂ ਬੇਮੁਖ ਹੋਣਾ ਹੈ, ਬਲਕਿ ਪਰਉਪਕਾਰ ਦੇ ਉਚ ਪਉੜੇ ਤੋਂ ਹਿਠਾਹਾਂ ਡਿਗਣਾ ਹੈ। ਮਗਰ ਯਾਦ ਰਹੇ ਕਿ ਇਹ ਪਰਉਪਕਾਰ ਦਾ ਨਿਰਭੈ ਪਦ, ਨਾਮ ਅਭਿਆਸ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅਪੜ ਕੇ ਹੀ ਪੁਰਖ ਪਰਉਪਕਾਰੀ ਹੋ ਸਕਦਾ ਹੈ।

ਜਿਨ੍ਹਾਂ ਦੇ ਪ੍ਰਮਾਰਥੀ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁਕੇ ਹਨ, ਜਿਨ੍ਹਾਂ ਦੀ ਆਤਮ-ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਧਿਆਸ ਤੋਂ ਰਹਿਤ ਹੋ ਚੁਕੀ ਹੈ, ਜਿਨ੍ਹਾਂ ਦੀ ਅਮਲੀ ਭਗਤਿ-ਕਮਾਈ "ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥" (੧੩੭੫) ਦੀ ਪਦਵੀ ਤੀਕ ਪੁਜ ਚੁਕੀ ਹੈ, ਜਿਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾਂ ਵਾਲਾ ਬੀਰ ਰਸ ਹਰ-ਦਮ ਠਾਠਾਂ ਮਾਰ ਮਾਰਿ ਉਠਦਾ ਹੈ, ਓਹੀ ਕੇਵਲ ਓਹ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਬਿਬੇਕ' ਚੋਂ



www.AKJ.Org

# ਦੁਖਿਆ ਪੰਜਾਬ ਤੇ ਖ਼ੁਸ਼ੀਆਂ ਮਨਾਂਦੀ ਦੀਵਾਲੀ

ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ ॥੨॥੮॥

[ਮ: ੫, ਮਾਰੂ ਵਾਰ ਡਖਣੇ, ਪੰਨਾ ੧੦੯੭

ਅੱਜ ਬਹੁਤਾ ਪੰਜਾਬ ਦੁਖਾਂ-ਦਰਦਾਂ ਦੀ ਘਾਣੀ ਵਿਚ ਪੀੜਿਆ ਜਾ ਰਿਹਾ ਹੈ। ਕਿਤੇ ਬੇਦੋਸ਼ਿਆਂ ਤੇ ਮਾਸੂਮਾਂ ਦੇ ਕਤਲ ਕੀਤੇ ਜਾ ਰਹੇ ਹਨ ਅਤੇ ਕਈ ਸੁਖੀ ਵਸਦੇ ਪਰਵਾਰ ਅਣਿਆਈ ਮੌਤੇ, ਮੌਤ ਦੇ ਘਾਟ ਉਤਾਰੇ ਜਾ ਰਹੇ ਹਨ; ਕਿਤੇ ਬੰਬ-ਧਮਾਕਿਆਂ ਨਾਲ ਮਨੁੱਖਤਾ ਦਾ ਘਾਤ ਕੀਤਾ ਜਾ ਰਿਹਾ ਹੈ; ਕਿਤੇ ਲੁਟਾਂ-ਖੋਹਾਂ ਦਿਨ-ਦੀਵੀਂ ਹੁੰਦੀਆਂ ਵੇਖੀਆਂ ਜਾ ਰਹੀਆਂ ਹਨ; ਦੂਜੇ ਪਾਸੇ ਝੂਠੇ ਪੁਲਿਸ-ਮੁਕਾਬਲਿਆਂ ਵਿਚ ਸਾਡੇ ਬੱਚੇ ਅਜਾਈਂ ਮਾਰੇ ਜਾ ਰਹੇ ਹਨ। ਕਿਤੇ ਸਾਡੇ ਨੌਜਵਾਨ ਬੱਚੇ ਝੂਠੇ ਮੂਠੇ ਕੇਸਾਂ ਵਿਚ ਵਲ੍ਹੇਟੇ ਜਾ ਕੇ ਪੀੜੇ ਜਾ ਰਹੇ ਹਨ ਅਤੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਉਹਨਾਂ ਦੀਆਂ ਜਵਾਨੀਆਂ ਗਾਲੀਆਂ ਜਾ ਰਹੀਆਂ ਹਨ। ਕਿਸੇ ਦੀ ਪੱਤ-ਅਬਰੋ ਤੇ ਅਣਖ ਸੁਰੱਖਿਅਤ ਨਹੀਂ। ਪੰਜਾਬ ਵਿਚ ਸੁਖਾਲਾ ਸਾਹ ਲੈਣਾ ਵੀ ਔਖਾ ਹੋ ਰਿਹਾ ਹੈ। ਅੱਗਾ ਹਨੇਰਾ ਹੀ ਹਨੇਰਾ ਦਿਸ ਰਿਹਾ ਹੈ; ਚਾਨਣੇ ਦੀ ਕੋਈ ਕਿਰਨ ਆਉਂਦੀ ਨਜ਼ਰ ਨਹੀਂ ਆ ਰਹੀ।

ਦੂਜੇ ਪਾਸੇ ਕੁਦਰਤ ਦੀ ਕਹੋ ਜਾਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੀ ਕਰੋਪੀ! ਪੰਜਾਬ ਵਿਚ ਆਏ ਅਤਿ ਭਿਆਨਕ ਹੜ੍ਹਾਂ ਨੇ ਤਬਾਹੀ ਹੀ ਤਬਾਹੀ ਮਚਾ ਦਿਤੀ ਹੈ। ਪਿੰਡਾਂ ਦੇ ਪਿੰਡ ਇਸ ਦੀ ਲਪੇਟ ਵਿਚ ਆ ਗਏ ਹਨ। ਰੰਗ-ਰਲੀਆਂ ਮਾਣਦੇ ਟਬਰਾਂ ਦੇ ਟਬਰ ਇਸ ਹੜ੍ਹ ਵਿਚ ਹੜ੍ਹ ਗਏ ਹਨ। ਮਰੇ ਪਸ਼ੂਆਂ ਦੀ ਗਿਣਤੀ ਦਾ ਤਾਂ ਅੰਦਾਜ਼ਾ ਹੀ ਕੋਈ ਨਹੀਂ। ਕਈ ਪਿੰਡਾਂ ਦਾ ਤਾਂ ਨਾਮੋ-ਨਿਸ਼ਾਨ ਹੀ ਮਿਟ ਗਿਆ ਹੈ, ਅਤੇ ਗੁਰਬਾਣੀ ਦੀ ਇਹ ਤੁਕ ਅਜ ਸਾਹਮਣੇ ਸਾਕਾਰ ਹੋ ਆਈ ਹੈ–

ਜਲ ਤੇ ਥਲ ਕਰਿ, ਥਲ ਤੇ ਕੂਆ, ਕੂਪ ਤੇ ਮੇਰੁ ਕਰਾਵੈ ॥੨॥ (ਪੰਨਾ ੧੨੫੨)

ਜਿਥੇ ਹਰੀਆਂ ਭਰੀਆਂ ਲਹਿਲਹਾਂਦੀਆਂ ਖੇਤੀਆਂ ਸਨ, ਉਥੇ ਛੇ ਛੇ ਫੁਟ ਉਚੇ, ਰੇਤ ਦੇ ਟਿੱਬੇ ਉਸਰੇ ਪਏ ਹਨ। ਇਨ੍ਹਾਂ ਪਿੰਡਾਂ ਦੇ ਵਾਸੀ ਆਪਣੀ ਸਾਰੀ ਰਾਸ-ਪੂੰਜੀ, ਮਾਲ ਡੰਗਰ, ਬਾਲ-ਬੱਚੇ ਅਤੇ ਪਰਵਾਰ ਦੇ ਜੀਅ ਰੋੜ੍ਹ ਕੇ ਅੱਜ ਨੀਲੇ ਅਸਮਾਨ ਥਲੇ, ਬੇ-ਸਰੋ ਸਮਾਨ ਤੇ ਬੇਸਹਾਰਾ ਹੋ ਕੇ, ਉਚੇ ਟਿਬਿਆਂ ਤੇ ਡੰਗ-ਟਪੀ ਕਰ ਰਹੇ ਹਨ। ਦੁਖਾਂ-ਦਰਦਾਂ ਦੀ ਘਾਣੀ ਵਿਚ ਪੀਠੇ ਜਾ ਰਹੇ ਇਨ੍ਹਾਂ ਮਨੁਖਾਂ ਦੇ ਮਨਾਂ ਦੀ ਪੀੜਾ ਕੌਣ ਜਾਣ ਸਕਦਾ ਹੈ? ਅਤੇ "ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ?" (੪੧੮) ਇਨ੍ਹਾਂ ਸਿਆਲੀ ਰਾਤਾਂ ਵਿਚ ਉਨ੍ਹਾਂ ਦੀ ਕਿਵੇਂ ਬੀਤਦੀ ਹੋਵੇਗੀ? ਦੁਖੀ ਵੀਰਾਂ ਦੀ ਸਹਾਇਤਾ ਲਈ ਸੁਹਿਰਦ ਸੰਸਥਾਵਾਂ ਅਤੇ ਕੁਝ ਦਾਨੀ ਵੀਰਾਂ ਨੇ ਆਪਣਾ ਪੂਰਾ ਵਾਹ ਲਾਇਆ ਹੈ, ਜਿਸ ਦੀ ਜਿੰਨੀ ਸ਼ਲਾਘਾ ਕਰੀਏ, ਥੋੜੀ ਹੈ; ਪਰ ਕੁਝ ਮਾਇਆ-ਮਤ ਜੀਵ ਇਨ੍ਹਾਂ ਰੋ-ਰਹੇ ਹਿਰਦਿਆਂ ਦੇ ਕੀਰਨੇ ਸੁਣਨ ਤੋਂ ਅਸਮਰਥ ਹਨ।

ਐਉਂ ਅਨੇਕਾਂ ਪੰਜਾਬ-ਵਾਸੀਆਂ ਦੇ ਜੀਵਨ ਵਿਚ ਦੁਖਾਂ ਦੀ ਹਨੇਰੀ ਝੁਲ ਰਹੀ ਹੈ। ਪਰ ਨਾਲ ਹੀ ਦੂਜੇ ਪਾਸੇ ਸ਼ਹਿਰਾਂ ਤੇ ਕਸਬਿਆਂ ਵਿਚ ਦੀਵਾਲੀ ਦੀ ਗਹਿਮਾ ਗਹਿਮ ਵਿਚ ਖੁਸ਼ੀਆਂ ਤੇ ਰੰਗ-ਰਲੀਆਂ ਮਨਾਈਆਂ ਜਾ ਰਹੀਆਂ ਹਨ, ਲੱਖਾਂ ਰੁਪਿਆਂ ਦੇ ਫਲ ਤੇ ਮਿਠਿਆਈਆਂ ਇਕ ਦੂਜੇ ਦੇ ਸੁਟੀਆਂ ਜਾ ਰਹੀਆਂ ਹਨ ਅਤੇ ਲੱਖਾਂ ਕਰੋੜਾਂ ਤੋਂ ਵਧ ਰੁਪਿਆਂ ਦੀ ਆਤਸ਼ਬਾਜ਼ੀ ਫੂਕ ਕੇ ਮੌਜ-ਮੇਲੇ ਕੀਤੇ ਜਾ ਰਹੇ ਹਨ।

ਸਮਝ ਨਹੀਂ ਆ ਰਹੀ ਕਿ ਇਹ ਕੀ ਹੋ ਰਿਹਾ ਹੈ? ਕੀ ਕਦੇ ਸਾਨੂੰ ਇਹ ਭੀ ਸੋਝੀ ਆਵੇਗੀ ਕਿ ਇਸ ਔਕੜ ਦੇ ਸਮੇਂ ਲੱਖਾਂ, ਕਰੋੜਾਂ ਤੇ ਅਰਬਾਂ ਰੁਪਿਆ ਇੰਜ ਰੰਗ-ਰਲੀਆਂ ਵਿਚ ਰੋੜ੍ਹਨ ਦੀ ਬਜਾਏ, ਇਹ ਰੁਪਿਆ ਉਨ੍ਹਾਂ ਦੁਖੀ ਇਸਤ੍ਰੀਆਂ ਦੀ ਸਹਾਇਤਾ ਵਿਚ ਖਰਚਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਦੇ ਪਤੀ ਮਾਰੇ ਜਾ ਚੁਕੇ ਹਨ ਜਾਂ ਲਾ-ਪਤਾ ਹਨ, ਅਤੇ ਉਨ੍ਹਾਂ ਦੁਖੀ ਪਰਵਾਰਾਂ ਲਈ ਸੁਖਦਾਈ ਹੋ ਸਕਦਾ ਹੈ, ਜੋ ਘਰ-ਬਾਰ, ਪਰਵਾਰ ਸਭ ਕੁਝ ਗੁਆ ਕੇ ਟਪਰੀਵਾਸਾਂ ਤੋਂ ਵੀ ਭੈੜੀ ਹਾਲਤ ਵਿਚ ਨੀਲੇ ਅਕਾਸ਼ ਹੇਠ ਪਏ ਹੋਏ, ਆਪਣੇ ਸੁਆਸ ਪੂਰੇ ਕਰ ਰਹੇ ਹਨ।

ਸਤਿਗੁਰੂ ਸਾਨੂੰ ਸੁਮੱਤ ਬਖ਼ਸ਼ਣ !!



www.AKJ.Org

# ਅੰਮ੍ਰਿਤ ਵੇਲੇ ਗੁਰਮਤਿ ਇਸ਼ਨਾਨ—ਅੰਮ੍ਰਿਤਸਰ ਇਸ਼ਨਾਨ

[ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜ ੀ]

ਇਕ ਇਕ ਗੁਰ ਬਚਨ ਰੂਪੀ ਗੁਰੂ ਕਾ ਹੁਕਮ ਮੰਨਣਹਾਰਾ ਸਿਖ ਹੀ ਸੱਚਾ ਸਚਿਆਰ ਸਿੰਘ ਬਿਬੇਕੀ ਕਹਾ ਸਕਦਾ ਹੈ। ਹਾਂ ਜੇਕਰ ਕੋਈ ਸਿਖ ਉਦਮ ਮਾਤਰ ਹੀ ਧਾਰਦਾ ਹੈ ਅਤੇ ਉਦਮ ਧਾਰ ਕੇ ਸਵਾ ਪਹਿਰ ਰਾਤ ਰਹਿੰਦੀ ਉਠ ਭੀ ਬਹਿੰਦਾ ਹੈ, ਪਰ ਇਸ਼ਨਾਨ ਨਹੀਂ ਕਰਦਾ ਅਤੇ ਨਾ ਹੀ ਨਾਮ ਜਪਦਾ ਹੈ, ਤਾਂ ਉਸ ਦਾ ਇਸ ਪ੍ਰਕਾਰੀ ਨਿਰੇ ਉਠ ਬੈਠਣ ਦਾ ਅਤੇ ਮਿੱਟੀ ਦਾ ਮਟੂਨ ਹੋ ਕੇ ਬਹਿ ਰਹਿਣ ਦਾ ਉਦਮ ਮਹਿਜ਼ (ਕੋਰਾ) ਪਖੰਡ—ਹਠ ਹੈ, ਜੋ ਕਲਿਆਣ-ਕਾਰਕ ਨਹੀਂ ਅਤੇ ਨਾ ਹੀ ਇਸ ਦਾ ਗੁਰਮਤਿ ਅੰਦਰਿ ਵਿਧਾਨ ਹੈ। ਹਾਂ ਜੇਕਰ ਉਹ ਉਦਮ ਕਰ ਕੇ ਅੰਮ੍ਰਿਤ ਵੇਲੇ ਉਠਦਾ ਹੈ ਅਤੇ ਉਠ ਕੇ ਤੇ ਫੇਰ ਇਸ਼ਨਾਨ ਕਰਨ ਦਾ ਉਦਮੀ ਬਣਦਾ ਹੈ ਤਾਂ ਮਾਨੋ ਕਿ ਉਹ ਇਉਂ ਉਦਮੀ ਬਣ ਕੇ ਨਿਰਾ ਨਿੰਦਰਾ ਦੇ ਆਲਸ ਭਾਰ ਨੂੰ ਹੀ ਦੂਰ ਨਹੀਂ ਕਰ ਲੈਂਦਾ, ਸਗੋਂ ਸਾਵਧਾਨ ਹੋ ਕੇ ਨਾਮ ਬਾਣੀ ਦੀ ਧਿਆਨ-ਕਮਾਈ ਵਿਖੇ ਤਤਪਰ ਹੋ ਜਾਂਦਾ ਹੈ, ਤਦ ਉਸ ਦੇ ਉਦਮ ਅਤੇ ਇਸ਼ਨਾਨ ਦੇ ਸਭੇ ਟੋਲ ਸੁਹਾਵਣੇ ਹੋ ਜਾਂਦੇ ਹਨ। ਤਦ ਤੋਂ ਉਹ ਸੁਤੇ ਸਿਧ ਹੀ ਅੰਮ੍ਰਿਤ ਵੇਲੇ ਦੇ ਉਦਮ ਇਸ਼ਨਾਨ ਧਿਆਨ ਦਾ ਸੁਰਤਾ ਬਣ ਜਾਂਦਾ ਹੈ। ਐਸੇ ਸੁਰਤਿਆਂ ਨੂੰ ਹੀ "ਦਰੀਆਵਾਂ ਸਿਉ ਦੋਸਤੀ" ਵਾਲੇ ਇਕਾਂਤ ਇਸ਼ਨਾਨ ਦਾ ਚਾਉ ਉਪਜਦਾ ਹੈ, ਐਸੇ ਸੁਰਤਿਆਂ ਨੂੰ ਹੀ "ਚਉਥੈ ਪਹਰਿ ਸਬਾਹ ਕੈ"* ਇਸ਼ਨਾਨ ਕਰਨ ਦਾ ਚਾਇ ਚਈਲਾ ਉਦਮ ਫੁਰਦਾ ਹੈ। ਐਸੇ ਸੁਰਤਿਆਂ ਪਰਥਾਇ ਹੀ, "ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨਾ ਮਨਿ ਚਾਉ ॥"† ਵਾਲਾ ਗੁਰਵਾਕ ਘਟਦਾ ਹੈ। ਐਸੇ ਸੁਰਤੇ ਸਿਖਾਂ ਉਪਰ ਹੀ "ਸਿਖੀ ਸਿਖਿਆ ਗੁਰ ਵੀਚਾਰਿ" ਵਾਲੀ ਤੁਕ ਫਬਦੀ ਹੈ ਅਤੇ ਐਸੇ ਸੁਰਤੇ ਸਿਖਾਂ ਨੂੰ ਹੀ "ਨਦਰੀ ਕਰਮਿ ਲੰਘਾਏ ਪਾਰਿ"† ਵਾਲੀ ਅਪਾਰ ਦਾਤ ਮਿਲਦੀ ਹੈ। ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਅਤੇ ਇਸ਼ਨਾਨ ਕਰਦੇ ਹੋਏ ਅੰਮ੍ਰਿਤ ਬਾਣੀ ਦਾ ਪਾਠ ਕਰਨਾ ਅਤੇ ਅੰਮ੍ਰਿਤ ਨਾਮ ਵਿਖੇ ਸੁਰਤ ਜੋੜਨਾ ਅਤੇ ਇਸ ਬਿਧਿ ਅੰਮ੍ਰਿਤ—ਲਹਿਰਿਆਂ ਦਾ ਗਟਾਕ ਰਸੀਆ (ਰਸ ਮਾਨਣਹਾਰਾ) ਬਣਨਾ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਦੇ ਸਮਾਨ ਹੈ। ਇਕ ਤਾਂ ਉਹ ਸਮਾਂ ਹੀ ਅੰਮ੍ਰਿਤੀ ਸਮਾਂ ਹੁੰਦਾ ਹੈ। ਦੂਜੇ ਅੰਮ੍ਰਿਤ ਇਸ਼ਨਾਨ ਅੰਮ੍ਰਿਤ ਨਾਮ ਦੇ ਸੁਰਤਿਆਂ ਵਾਲੀ ਸੁਰਤੀ ਬਿਰਤੀ ਵਿਚ ਹੁੰਦਾ ਹੈ। ਤੀਜੇ ਇਸ ਅੰਮ੍ਰਿਤ ਬਿਰਤੀ ਦੇ ਅੰਮ੍ਰਿਤ ਪ੍ਰਭਾਵ ਨਾਲ ਬਿਖ ਮਾਯਾਵੀ ਤੇ ਕੂੜਾਵੀ ਭਰਮ-ਪਾਲ ਤੁਟ ਜਾਣ ਕਰਕੇ ਅਰਸ਼ਾਂ ਕੁਰਸਾਂ ਦੀ ਸਦਾ ਹੋ ਰਹੀ ਅਮਰੀ ਤੇ ਕੁਦਰਤੀ ਅੰਮ੍ਰਿਤ ਬਰਖਾ ਦਾ "ਪਾਲਿ ਸਮੁਹਾ ਸਰਵਰੁ ਭਰਾ"‡ ਐਉਂ ਚਾਰ ਚੁਫੇਰੇ ਖੰਡਾਂ ਬ੍ਰਹਿਮੰਡਾਂ ਵਿਚ ਭਰਪੂਰ ਅਤੇ ਸਰਸ਼ਾਰ ਲਹਿ-ਲਹਾਉਂਦਾ ਪ੍ਰਤੱਖ ਨਦਰੀ ਆਉਂਦਾ ਹੈ ਮਾਨੋ ਅੰਮ੍ਰਿਤ ਦੇ ਅਥਾਹ ਲਹਿ ਲਹਿ ਕਰਦੇ ਸਰੋਵਰ ਵਿਚ ਗੋਤੇ ਲਗਾਈਦੇ ਹਨ। ਇਸ ਕਰਕੇ ਇਹ ਇਸ਼ਨਾਨ ਸਚ ਮੁਚ ਹੀ ਪ੍ਰਤੱਖ ਅੰਮ੍ਰਿਤਸਰ (ਸੁਧਾਸਰ) ਦਾ ਇਸ਼ਨਾਨ ਹੋ ਜਾਂਦਾ ਹੈ। ਜੇਹੜੇ ਵਡਭਾਗੇ ਬਿਬੇਕੀ ਸੁਰਤੇ ਸ੍ਰੀ ਅੰਮ੍ਰਿਤਸਰ (ਰਾਮਦਾਸ ਸਰੋਵਰ) ਜੀ ਦੇ ਅੰਮ੍ਰਿਤ ਇਸ਼ਨਾਨੀ ਹੌਸਲੇ ਹਨ, ਓਹਨਾਂ ਦਾ ਤਾਂ ਕਹਿਣਾ ਹੀ ਕੀ ਹੈ। ਪਰ ਗੁਰਸਿਖ ਭਾਵੇਂ ਕਿਤੇ ਹੋਵੇ, ਅੰਮ੍ਰਿਤ ਵੇਲੇ ਉਠ ਕੇ ਗੁਰਮਤਿ ਬਿਬੇਕ ਬਿਧੀ ਅਨੁਸਾਰ ਇਸ਼ਨਾਨ ਕਰਨ ਦਾ ਪ੍ਰੇਮ ਨਿਯਮੀ ਹੁੰਦਾ ਹੈ, ਭਾਵੇਂ ਕੂਪ ਜਲ ਦੇ ਖੁਲ੍ਹੇ ਇਸ਼ਨਾਨ ਕਰਨਹਾਰਾ ਹੈ, ਭਾਵੇਂ ਨਦੀ ਨਹਿਰ ਤੇ ਤਾਰੀਆਂ ਲਾਵਣਹਾਰਾ ਹੈ ਅਤੇ ਭਾਵੇਂ 'ਦਰੀਆਵਾਂ ਸਿਉ ਦੋਸਤੀ' ਰਖਣਹਾਰਾ ਹੈ। ਪ੍ਰੰਤੂ ਅੰਮ੍ਰਿਤ ਵੇਲੇ ਦਾ ਅੰਮ੍ਰਿਤ-ਇਸ਼ਨਾਨੀ ਹੋਣ ਕਰਕੇ ਉਹ ਹਰ ਜਗ੍ਹਾ ਹਰ ਅਸਥਾਨ ਸ੍ਰੀ ਅੰਮ੍ਰਿਤਸਰ ਜੀ (ਰਾਮਦਾਸ ਪੁਰੇ) ਤੋਂ ਦੂਰ ਨੇੜੇ ਵਸਣਹਾਰਾ ਹੋਣ ਕਰ ਭੀ 'ਅੰਮ੍ਰਿਤਸਰ ਨਾਵੇ' ਦੇ ਹੁਕਮ ਉਤੇ ਚਲਣਹਾਰਾ ਸਚਿਆਰ ਬਿਬੇਕੀ ਜਨ ਹੈ। ਸੋ ਉਪਰਲੇ ਗੁਰ ਪ੍ਰਮਾਣ ਅਨੁਸਾਰ ਅੰਮ੍ਰਿਤ ਵੇਲੇ ਅੰਮ੍ਰਿਤ ਇਸ਼ਨਾਨ ਕਰਨਾ ਹਰੇਕ ਗੁਰਸਿਖ ਸੁਜਾਨ ਦਾ ਪਰਮ ਧਰਮ ਹੈ। ਭਾਵੇਂ ਹੁਨਾਲ (ਹਾੜ) ਹੋਵੇ ਭਾਵੇਂ ਸਿਆਲ, ਠੱਕਾ ਵਗਦਾ ਹੋਵੇ, ਬਰਫ਼ ਵਰਸਦੀ ਹੋਵੇ, ਹਰ

*ਵਾਰ ਮਾਝ, ਮ: ੨, ਪੰਨਾ ੧੪੬ †ਵਾਰ ਆਸਾ, ਮ: ੧, ਪੰਨਾ ੪੬੫ ‡ਸਲੋਕ ਕਬੀਰ ਜੀ, ਪੰਨਾ ੧੩੭੩



www.AKJ.Org

ਪ੍ਰਕਾਰ ਦੇ ਮੀਂਹ ਹਨੇਰੀ ਗੜਿਆਂ ਦੇ ਝਖੜ ਝਾਗ ਕੇ ਭੀ ਅੰਮ੍ਰਿਤ ਇਸ਼ਨਾਨ ਦੇ ਨੇਮੀ ਪ੍ਰੇਮੀ ਅੰਮ੍ਰਿਤ ਸਾਵਧਾਨੀ ਸਿਖ ਸੂਰਮੇ (ਵਖਤੇ ਉਪਰ ਲੜ ਮਰਨ ਵਾਲੇ) ਇਸ ਇਸ਼ਨਾਨ ਦੇ ਨੇਮ ਪ੍ਰੇਮ ਨੂੰ ਨਿਭਾਉਂਦੇ ਹਨ । ਕਿਉਂਕਿ ਓਹਨਾਂ ਨੂੰ ਗੁਰੂ ਕੇ ਹੁਕਮ ਕਮਾਵਣ ਦੀ ਸਾਵਧਾਨਤਾ ਸਫੁਰਨੀ ਅਤੇ ਸਰਧਾ ਸਿਦਕ ਭਿੰਨੀ ਪ੍ਰਵਾਹ ਹਰਦਮ ਹੁੰਦੀ ਹੈ। ਜਿਨ੍ਹਾਂ ਸੁਖ ਰਹਿਣੀਏ ਸਿਖਾਂ (ਗੁਰੂ ਕੇ ਸਿਖ ਸਦਾਵਣ ਵਾਲਿਆਂ) ਨੂੰ ਅਜਿਹੀ ਪ੍ਰਵਾਹ ਨਹੀਂ, ਓਹ ਨੀਂਦ ਦੇ ਆਲਸੀ ਸੁਖ ਵਿਚ ਪਏ ਹੋਏ ਦਿਨ ਚੜ੍ਹਦੇ ਤੀਕ ਬਿਸਤਰੇ ਉਪਰ ਹੀ ਉਸਲਵੱਟੇ ਲੈਂਦੇ ਰਹਿੰਦੇ ਹਨ ਅਤੇ ਗੁਰ-ਆਗਿਆ ਉਲਟ ਆਪਣੀ ਕਰਮ ਕਰਤੂਤ–ਸੁਖ ਰਹਿਣੀ ਰਹਿਤ ਨੂੰ ਆਪਣਾ ਮਨ-ਮੰਨਿਆ ਅਸੂਲ ਬਣਾ ਲੈਂਦੇ ਹਨ। ਆਪਣੇ ਮਨ ਦਾ ਮੰਨਿਆ ਅਸੂਲ ਮਨਮਤਿ ਹੈ।

### ਪਾਖੰਡ ਇਸ਼ਨਾਨ ਦਾ ਖੰਡਨ :–

ਇਕ ਚੁੰਚ ਗਿਆਨੀ ਨੂੰ ਅਸੀਂ ਪੁਛਿਆ (ਜੋ ਕਿ ਗੁਰੂ ਕੇ ਦੀਵਾਨ ਵਿਖੇ ਕਥਾ ਵਾਰਤਾ ਅਤੇ ਉਪਦੇਸ਼ ਭੀ ਕਰਿਆ ਕਰਦਾ ਸੀ) ਕਿ ਜੀ, ਤੁਸੀਂ ਕਥਾ ਉਪਦੇਸ਼ ਤਾਂ ਬੜੀ ਘੋਖ ਘੋਖ ਕੇ ਸੁਣਾਉਂਦੇ ਹੋ, ਪ੍ਰੰਤੂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਬਾਣੀ ਦਾ ਨਿਤਨੇਮ ਕਰਦੇ ਤੁਸਾਨੂੰ ਕਦੇ ਨਹੀਂ ਦੇਖਿਆ। ਉਸ ਨੇ ਕਿਹਾ ਕਿ ਏਡੇ ਵਡੇ ਤੜਕੇ ਉਠ ਕੇ ਇਸ਼ਨਾਨ ਕਰਨਾ ਮੁਫ਼ਤ ਦੀ ਤਤਖਛਾ (ਸਰੀਰਕ ਕਸ਼ਟ ਦੇਣ) ਵਿਚ ਪੈਣਾ ਹੈ । ਅਸੀਂ ਨਿਤਨੇਮ ਬਾਣੀ ਦਾ ਪਾਠ ਐਵੇਂ ਸੁੱਕੇ ਪਿੰਡੇ ਪਏ ਹੀ ਕਰ ਲੈਂਦੇ ਹਾਂ, ਦਿਨ ਚੜ੍ਹੇ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਪਹਿਲਾਂ ਇਸ਼ਨਾਨ ਕਰ ਲੈਣ ਦਾ ਗੁਰਮਤਿ ਅਸੂਲ ਅਨੁਸਾਰ ਨਿਯਮ ਹੈ, ਸੋ ਅਸੀਂ ਜਿਵੇਂ ਕਿਵੇਂ ਪੂਰਾ ਕਰ ਲੈਂਦੇ ਹਾਂ । ਫੇਰ ਜਦ ਓਹਨਾਂ ਨੂੰ ਏਸ ਅਸੂਲ ਨਿਯਮ ਦੀ ਪ੍ਰੋੜ੍ਹਤਾ ਲਈ ਗੁਰਮਤਿ ਪ੍ਰਮਾਣਾਂ ਦੇ ਦੇਣ ਲਈ ਵੰਗਾਰਿਆ ਗਿਆ ਤਾਂ, ਬਸ; ਗਿਆਨੀ ਜੀ ਨੂੰ ਠਠੂ ਹੋਣਾ ਪਿਆ। ਅਤੇ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਤੋਂ ਇਸ਼ਨਾਨ ਕਰਨਾ ਗੁਰਮਤਿ ਅਸੂਲਾਂ ਅਨੁਸਾਰ ਜਦ ਓਹਨਾਂ ਨੂੰ ਸਿਧ ਕੀਤਾ ਤਾਂ ਉਸਦੇ ਸੁਸ਼ਕ ਤੇ ਚੁੰਚ ਗਿਆਨ ਦੀ ਕਲੀ ਖੁਲ੍ਹੀ। ਅਤੇ ਤਾਂ ਜਾ ਕੇ ਕਿਤੇ ਓਸ ਨੇ ਮੰਨਿਆ ਕਿ ਠੀਕ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਗੁਰਮਤਿ ਬਿਬੇਕ ਸੰਦਾ ਅਸੂਲ ਹੈ। ਹਾਂ ਜੇਕਰ ਕੋਈ ਕੇਵਲ (ਮਹਿਜ਼) ਦਿਖਾਵੇ ਮਾਤ੍ਰ ਇਸ਼ਨਾਨ ਕਰਦਾ ਹੈ ਅਤੇ ਨਾਮ ਨਹੀਂ ਜਪਦਾ, ਕਿੰਤੂ ਇਸ਼ਨਾਨ ਕਰ ਕੇ ਐਵੇਂ ਹੀ ਬਗਲ-ਸਮਾਧੀ ਲਾ ਕੇ ਬਹਿ ਜਾਂਦਾ ਹੈ, ਉਸ ਦਾ ਇਸ਼ਨਾਨ ਕਰਨਾ ਪਾਖੰਡ ਰੂਪ ਹੀ ਹੈ। ਕਿਸੇ ਲੇਖੇ ਨਹੀਂ। ਯਥਾ ਗੁਰਵਾਕ :

> ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
> ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥੫॥੨੦॥ ਸਿਰੀ ਰਾਗੁ ਮਹਲਾ ੩, ਪੰਨਾ ੩੪

ਅਜਿਹੇ ਉਦਕ ਇਸ਼ਨਾਨੀਆਂ ਦੇ ਪਾਖੰਡ ਇਸ਼ਨਾਨ ਪ੍ਰਥਾਇ ਹੀ "ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ"* ਆਦਿਕ ਗੁਰਵਾਕ ਗੁਰਬਾਣੀ ਅੰਦਰ ਆਉਂਦੇ ਹਨ। ਪਾਖੰਡ-ਇਸ਼ਨਾਨ ਦਾ ਗੁਰਮਤਿ ਵਿਖੇ ਨਿਸ਼ੇਧ ਹੈ। ਪ੍ਰੰਤੂ ਮਨ ਦਾ ਸਾਧਕ ਸਹਾਈ ਰੂਪ ਸਾਧਨ ਸੰਪੰਨ ਇਸ਼ਨਾਨ, ਸੰਜਮ ਸਾਧਨੀ ਬਿਬੇਕ ਦਾ ਇਕ ਭਾਰੀ ਅੰਗ ਹੈ।

### ਇਸ਼ਨਾਨ ਦਾ ਪ੍ਰਭਾਵ ਮਨ ਉਤੇ :–

ਸਰੀਰਕ ਇਸ਼ਨਾਨ ਕਰਨ ਕਰਕੇ ਨਾ ਕੇਵਲ ਆਲਸ ਅਤੇ ਸੁਸਤੀ ਹੀ ਦੂਰ ਹੁੰਦੀ ਹੈ ਬਲਕਿ ਚੈਤੰਨਤਾ ਉਪਜਿ ਆਵਨ ਕਰਕੇ ਭਜਨ ਕਰਨ ਲਈ ਇਕ ਅਮਰੀ ਸਾਵਧਾਨਤਾ ਪੈਦਾ ਹੋ ਜਾਂਦੀ ਹੈ ਅਤੇ ਮਨ ਵਿਖੇ ਸ਼ਾਂਤ, ਸੁਚੇਤ-ਤਾਈ ਅਤੇ ਸਤੋ ਗੁਣ ਦਾ ਪ੍ਰਭਾਵ ਵਰਤ ਜਾਂਦਾ ਹੈ ਅਤੇ ਇਸ ਪ੍ਰਭਾਵ ਵਰਤਾਰੇ ਦੇ ਅਸਰ ਤਲੇ ਬਿਬੇਕੀ ਜਨ ਨੂੰ ਮਨ ਦੇ ਇਸ਼ਨਾਨ ਦਾ ਸਮਾਂ ਗਹਿ ਕਰਕੇ ਸਮ੍ਹਾਲ ਲੈਣਾ ਚਾਹੀਦਾ ਹੈ । ਇਕ ਤਾਂ ਅੰਮ੍ਰਿਤ ਵੇਲੇ ਦਾ ਅੰਮ੍ਰਿਤੀ ਪ੍ਰਭਾਵ, ਦੂਸਰੇ ਸ਼ਾਂਤ ਏਕਾਂਤ ਪੂਰੀ ਬਣੀ ਹੋਈ ਅਤੇ ਤੀਸਰੇ ਇਸ਼ਨਾਨ (ਸਰੀਰਕ ਇਸ਼ਨਾਨ) ਦੇ ਤੁਫ਼ੈਲ ਸਤੋਗੁਣੀ ਸਾਵਧਾਨਤਾ ਤੇ ਚੈਤੰਨਤਾ ਵਰਤੀ ਹੋਈ। ਬਸ, ਥੋੜੀ ਜਿਹੀ ਚੌਕਸੀ ਹੋਰ ਰੱਖਣ ਦੀ ਲੋੜ ਹੈ । ਮਨ ਨੂੰ

*ਆਸਾ ਕਬੀਰ ਜੀ, ਪੰਨਾ ੪੮੪


www.AKJ.Org

ਮੈਲਾ ਕਰਨ ਵਾਲੇ ਮਲੀਨ ਸੰਕਲਪ, ਫੁਰਨੇ ਕੁਫੁਰਨੇ, ਵਾਸ਼ਨਾ ਕੁਵਾਸ਼ਨਾ ਅਤੇ ਆਸਾ ਮਨਸਾ ਤ੍ਰਿਸ਼ਨਾ ਵੇੜ੍ਹੇ ਸੰਕਲਪਾਂ ਨੂੰ ਨੇੜੇ ਨਾ ਆਉਣ ਦੇਣਾ। ਜੇ ਆਉਣ ਤਾਂ ਬਹੁੜ ਬਹੁੜ ਰੋਕਣਾ ਅਤੇ ਰੋਕ ਕੇ ਸੁਰਤੀ ਨੂੰ ਨਾਮ ਵਲ ਆਉਣ ਦਾ ਯਤਨ ਕਰਨਾ, ਇਹ ਮਨ ਦਾ ਇਸ਼ਨਾਨ ਹੈ।

ਅੱਵਲ ਤਾਂ ਇਹ ਮਨ ਦਾ ਇਸ਼ਨਾਨ, ਤਨ ਦੇ ਇਸ਼ਨਾਨ ਦੇ ਪ੍ਰਭਾਵ ਕਰਕੇ ਸੁਤੇ ਹੀ ਬਣਿ ਆਂਵਦਾ ਹੈ, ਕਿਉਂਕਿ ਇਸ਼ਨਾਨ ਕਰਦੇ ਹੋਏ ਅੰਮ੍ਰਿਤ ਬਾਣੀ ਦਾ ਪ੍ਰਵਾਹ ਨਾਲੋ ਨਾਲ ਚਲਾਈ ਰਖਣ ਕਰਕੇ ਸ਼ਾਂਤਮਈ ਸਤੋਗੁਣੀ ਵਰਤਾਰਾ ਮਨ ਦੀ ਬਿਵਸਥਾ ਉਤੇ ਅਵੱਸ਼ਮੇਵ ਹੀ ਵਰਤ ਜਾਂਦਾ ਹੈ । ਜੇ ਕਿਤੇ ਬਿਘਨ ਪਵੇ ਭੀ ਤਾਂ ਬਸ ਕੇਵਲ ਏਤਨੇ ਯਤਨ ਦੀ ਲੋੜ ਹੈ ਕਿ ਉਕਤ ਛਿਨ ਭੰਗਰੀ ਬਿਘਨ ਦੁਆਰਾ ਉੱਖੜੀ ਬਿਰਤੀ ਸੁਰਤੀ ਨੂੰ ਹੋੜ ਕੇ ਬਾਣੀ ਵਲ ਲਾਇਆ ਜਾਵੇ। ਇਸ ਛਿਨ-ਭੰਗਰੀ ਨਿਮਖ ਭਰ ਦੇ ਯਤਨ ਸੇਤੀ ਸੁਰਤੀ ਨੂੰ ਗੁਰਬਾਣੀ ਨਾਲ ਜੋੜਨ ਦਾ ਪ੍ਰਤੱਖ ਪੈਰ ਤੇ ਪ੍ਰਤਮ (ਪ੍ਰਤਾਵਾ) ਦੇਖਣ ਵਾਲਾ ਫਲ ਬਿਬੇਕੀ ਜਨ ਨੂੰ ਇਹ ਮਿਲਦਾ ਹੈ ਕਿ ਗੁਰੂ ਰੂਪ ਬਾਣੀ ਕੋਟ ਪੈਂਡਾ ਅਗੇ ਹੋਇ ਕੇ ਸੁਰਤੀ ਨੂੰ ਆਪਣੀ ਬੁੱਕਲ ਵਿਚ ਆ ਲੈਂਦੀ ਹੈ। ਇਸ ਬਿਧਿ ਸਨੇ ਸਨੇ ਇਕਤਾਰ ਅਤੇ ਅਤੁਟ ਲਿਵ ਦਾ ਜੁੜਨਾ ਬਿਬੇਕੀ ਜਨ ਨੂੰ ਪ੍ਰਾਪਤ ਹੋ ਜਾਂਦਾ ਹੈ । ਫੇਰ ਉਪਰੋਂ ਲਗਾਤਾਰ ਨਾਮ ਅਭਿਆਸ ਅਰਥਾਤ ਗੁਰਮੰਤ੍ਰ ਦੇ ਅਜਪਾ ਜਾਪ ਦਾ ਜੋ ਪਾਰਸ ਪ੍ਰਤਾਪ ਵਰਤਦਾ ਹੈ, ਇਸ ਦਸ਼ਾ ਦਾ ਤਾਂ ਕਹਿਣਾ ਹੀ ਕੀ ਹੈ। ਇਸ ਸਮੇਂ ਦੀ ਇਕ ਘਟਨਾ ਤੋਂ ਹਮੇਸ਼ਾ ਅਭਿਆਸੀ ਜਨ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਫੁਰਨੇ ਸੰਕਲਪ ਵਿਕਲਪਾਂ ਦੀ ਕਲਪਣਾ ਜਦ ਮਿਟ ਜਾਂਦੀ ਹੈ ਤਾਂ ਸੁਰਤੀ ਦੇ ਸ਼ਾਂਤ ਘਰ ਵਿਚ ਆਉਣ ਕਰਕੇ ਬਿਰਤੀ ਨੂੰ ਇਕ ਸੁਖ ਜਿਹਾ ਪਰਤੀਤ ਹੁੰਦਾ ਹੈ ਜੋ ਅਭਿਆਸੀ ਦੇ ਅਭਿਆਸ ਨੂੰ ਚੜ੍ਹਦੀ ਕਲਾ ਵਿਖੇ ਜਾਣੋਂ ਰੋਕਦਾ ਹੈ । ਜੇ ਇਹ ਸੁਖ ਬਿਰਤੀ ਉਤੇ ਪ੍ਰਬਲ ਪੈ ਜਾਵੇ ਤਾਂ ਸੁਰਤੇ ਦੀ ਸੁਰਤੀ ਊਣਮ ਝੂਣੀ ਜਿਹੀ ਹੋ ਜਾਂਦੀ ਹੈ* ਅਤੇ ਅਸਲ ਸਾਵਧਾਨਤਾ ਤੇ ਨਾਮ-ਲਿਵ ਦੀ ਏਕਾਗਰਤਾ ਨਹੀਂ ਰਹਿੰਦੀ, ਜੋ ਕਿ ਹਰ ਦਮ ਰਹਿਣੀ ਚਾਹੀਦੀ ਹੈ । ਕਿਉਂਕਿ ਇਸ ਬਿਹੂਣ ਪ੍ਰੇਮ ਪ੍ਰਾਇਣੀ ਸਿਫਤਿ ਸਾਲਾਹ ਨਹੀਂ ਹੋ ਸਕਦੀ । ਜੈਸੇ ਕਿ ਸੁਖਮਨੀ ਸਾਹਿਬ ਵਿਖੇ ਇਹ ਉਤਸ਼ਾਹੀ ਬਚਨ (ਹੁਕਮ) ਹੈ। ਯਥਾ :

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥੫॥੨੪॥

ਗਉ: ਸੁਖ: ਮ: ੫, ਪੰਨਾ ੨੯੫

ਇਸ ਤੋਂ ਬਚਣ ਦਾ ਸਭ ਤੋਂ ਵਧੀਆ ਉਪਾਉ ਇਹ ਹੈ ਕਿ ਪਹਿਲੀ ਅਵੱਸਥਾ ਤੋਂ ਹੀ ਨਾਮ ਤੇ ਬਾਣੀ ਦਾ ਅਭਿਆਸ ਇਕੱਠਾ ਹੀ ਕੀਤਾ ਜਾਵੇ। ਅਤੇ ਬਾਣੀ, ਖ਼ਾਸ ਕਰਿ ਸੁਖਮਨੀ ਸਾਹਿਬ ਦੀ ਬਾਣੀ ਦਾ ਅਭਿਆਸ, ਨਾਮ ਅਭਿਆਸ ਦੇ ਨਾਲ ਅੱਤ ਗੁਣਕਾਰੀ ਹੈ। ਬਾਣੀ ਪ੍ਰੀਤਮ (ਨਾਮੀ, ਜਿਸ ਦਾ ਕਿ ਨਾਮ ਜਪੀਦਾ ਹੈ) ਦੇ ਪ੍ਰੇਮ-ਚਾਬਕ ਮਾਰ ਕੇ ਪ੍ਰੇਮੀ (ਅਭਿਆਸੀ ਜਨ) ਨੂੰ ਨਾਮ ਅਭਿਆਸ ਵਲ ਸਾਵਧਾਨ ਰਖਦੀ ਹੈ ਅਤੇ ਨਾਮ ਦੀ ਮਹਿਮਾ ਦੇ ਗੁਣਾਨਵਾਦ ਕਹਿ ਕਹਿ ਕੇ ਨਾਮ ਦਾ ਪ੍ਰੇਮ ਪਿਆਰ ਉਪਜਾਉਂਦੀ ਹੈ। ਇਹ ਪ੍ਰੇਮ ਹੀ ਸਾਵਧਾਨਤਾ ਦਾ ਸੰਜਮ ਹੈ। ਇਹ ਪ੍ਰੇਮ ਹੀ ਸੁਰਤੀ ਬਿਰਤੀ ਦੇ ਉਚੇਰਾ ਰੱਖਣ ਦੀ ਔਖਧੀ ਹੈ । ਅਤੇ ਇਹ ਪ੍ਰੇਮ ਹੀ ਸਰਬਤ੍ਰ ਫੁਰਨਿਆਂ ਕੁਫੁਰਨਿਆਂ ਦੇ ਮਾਰਨ ਦਾ ਮਾਰਣ (ਦਾਰੂ) ਹੈ। ਗੱਲ ਕੀ, ਇਹ ਪ੍ਰੇਮ ਹੀ ਨਾਮ-ਅਭਿਆਸ ਦੀ ਜੁਗਤੀਆਂ ਸਿਰ ਮੁਖ ਜੁਗਤੀ ਹੈ। ਯਥਾ ਗੁਰਵਾਕ :

ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥
ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥੩੯॥ ਸਿਰੀ ਰਾਗੁ ਮ: ੩, ਪੰਨਾ ੨੮

ਗੁਰਮਤਿ ਭਗਤੀ ਰੂਪੀ ਬਿਬੇਕ (ਬੀਚਾਰ) ਦਾ ਨਿਰਭਰ ਪ੍ਰੇਮ ਪਿਆਰ ਉਤੇ ਹੀ ਹੈ। ਯਥਾ ਗੁਰਵਾਕ :

*ਇਸ ਦਸ਼ਾ ਦਾ ਨਾਉਂ ਤਦਰਾ ਹੈ। ਨਿਦ੍ਰਾ ਤੋਂ ਇਹ ਭਿੰਨ ਹੈ। ਹਿਤ ਅਲਸਾਈ ਗਨੂੰਦਗੀ ਵਰਗੀ ਹਾਲਤ ਹੋ ਜਾਂਦੀ ਹੈ।


www.AKJ.org

ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥੩॥੫੧॥ (ਆਸਾ ਮ: ੩, ਪੰਨਾ ੩੬੪)

ਭਗਵੰਤ-ਭਗਤੀ ਰੂਪੀ ਪ੍ਰੇਮ-ਬਿਬੇਕ ਦੀ ਇਸ ਪ੍ਰੀਤ-ਕਣੀ ਬਿਹੂਣ ਬੜੇ ਬੜੇ ਚਤੁਰ ਤੋਂ ਚਤੁਰ ਚੁੰਚ ਗਿਆਨੀ ਅਤੇ ਚੰਮ-ਚੋਪੜੀ ਸੁੰਦਰਤਾ ਦੇ ਅਭਿਮਾਨੀ ਧਨਵੰਤ ਕੁਲਵੰਤ ਭੀ ਮਿਰਤਕ ਰੂਪ ਹਨ। ਯਥਾ ਗੁਰਵਾਕ :

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥੧੯॥

ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੩

ਸੋ ਜਿਸ ਗੁਰਮੁਖਿ ਬਿਬੇਕੀ ਜਨ ਦੇ ਅੰਦਰਿ ਪ੍ਰੀਤਿ-ਪਿਆਰ ਹੈ, ਉਹ ਨਾਮ ਤੋਂ ਬਿਹੂਣ ਜਿਤੀ ਹੋਰ ਖਿਆਲ ਹਨ, ਸਭ ਨੂੰ ਆਲੂਦਿਆ ਸਮਝ ਕੇ ਭਗਤਿ ਪ੍ਰਾਇਣ ਹੁੰਦਾ ਹੋਇਆ, ਨੇੜੇ ਨਹੀਂ ਢੁੱਕਣ ਦਿੰਦਾ। ਜੇ ਉਕਤ ਖਿਆਲ (ਨਾਮੋਂ ਸੱਖਣੇ ਖ਼ਿਆਲ) ਬਿਬੇਕੀ ਜਨ ਦੀ ਬਿਰਤੀ ਅੰਦਰ ਮੱਲੋ ਮੱਲੀ ਘੁਸੜ ਕੇ ਆ ਭੀ ਵੜਨ ਤਾਂ ਗੁਰਮੁਖ ਜਨ ਬਿਬੇਕੀ ਨਾਮ ਦਾ ਖੰਡਾ ਖੜਕਾ ਕੇ ਉਕਤ ਹੋਛੇ ਖਿਆਲਾਂ ਨੂੰ ਬਾਹਰ ਕਢਿ ਮਾਰਦਾ ਹੈ, ਕਿਉਂਕਿ ਪ੍ਰੇਮਾ ਭਗਤੀ ਦੇ ਮਾਰਗ ਵਿਚ ਨਾਮ ਦੇ ਪ੍ਰਮਾਰਥੀ ਖਿਆਲਾਂ ਬਾਝੋਂ ਪ੍ਰੇਮੀ ਨੂੰ ਹੋਰ ਖਿਆਲ ਸੁਖਾਂਦੇ ਹੀ ਨਹੀਂ। ਸੋ ਇਸ ਬਿਧਿ ਮਨ ਨੂੰ ਪ੍ਰਮਾਰਥੀ ਰੋਗ ਦੇ ਖਿਆਲਾਂ ਤੋਂ ਛੁਟ ਹੋਰ ਹੋਛੇ ਅਤੇ ਮਲੀਨ ਖ਼ਿਆਲਾਂ ਤੋਂ ਪਾਕ ਰਖਣਾ ਮਨ ਦਾ ਉਤਮ ਇਸ਼ਨਾਨ ਹੈ, ਜੋ ਤਨ ਦੇ (ਸ਼ਰੀਰਕ) ਇਸ਼ਨਾਨ ਦੇ ਨਾਲੋਂ ਨਾਲ ਹੀ ਬਣ ਆਂਵਦਾ ਹੈ। ਅਤੇ ਏਸ ਸਰੀਰਕ ਇਸ਼ਨਾਨ ਰੂਪੀ ਕਰਮ ਬਿਬੇਕ ਨੂੰ ਬਿਬੇਕੀ ਜਨ ਗੁਰਮਤਿ ਹੁਕਮ ਸਮਝ ਕੇ ਕਮਾਂਵਦੇ ਹਨ। ਅਤੇ ਗੁਰਮਤਿ ਹੁਕਮ ਅਨੁਸਾਰ ਕਮਾਏ ਜਾਣ ਕਰਕੇ ਹੀ ਇਹ ਆਤਮ-ਬਰਕਤਾਂ ਵਾਲਾ ਇਸ਼ਨਾਨ ਬਿਬੇਕ ਹੈ, ਮਨ ਦੀ ਮਤਿ ਵਾਲਾ ਡਿੰਭ-ਇਸ਼ਨਾਨ ਨਹੀਂ ਹੈ। ਜੋ ਗੁਰਸਿਖ ਗੁਰੂ ਦਾ ਹੁਕਮ ਸਮਝ ਕੇ ਇਸ ਇਸ਼ਨਾਨ ਦੇ ਨਿਤਾਪ੍ਰਤੀ ਪ੍ਰੇਮ ਨਿਯਮ ਨੂੰ ਪਾਲਦੇ ਹਨ, ਓਹ ਸ਼ਰਧਾਵਾਨ ਬਿਬੇਕੀ ਜਨ ਸਨਮਾਨ ਯੋਗ ਹਨ, ਪ੍ਰੰਤੂ ਜੋ ਕੇਵਲ ਲੋਕ-ਦਿਖਾਵੇ ਮਾਤ੍ਰ ਹੀ ਇਸ਼ਨਾਨ ਦਾ ਡਿੰਭ ਧਾਰਦੇ ਹਨ, ਓਹਨਾਂ ਦਾ ਇਸ਼ਨਾਨ ਧਿਆਨ ਗੁਰਮਤਿ ਅੰਦਰਿ ਪ੍ਰਮਾਣ ਨਹੀਂ। ਸਰੀਰ ਦੀ ਸੁੱਧੀ ਇਸ ਨਿਤਾ-ਨਿਯਮੀ ਇਸ਼ਨਾਨ-ਬਿਬੇਕ ਧਾਰਨਾ ਦਾ ਇਕ ਸੁਤੇ-ਸਿੱਧੀ ਸਿੱਟਾ ਹੈ। ਜਿਸ ਧਾਰਨਾ ਦੇ ਧਾਰਨ ਕਰਕੇ ਦੇਹ-ਅਰੋਗਤਾ ਭੀ ਸੁਤੇ ਹੀ ਬਣੀ ਰਹਿੰਦੀ ਹੈ। ਪ੍ਰੰਤੂ ਨਿਰੀ ਸ਼ਰੀਰਕ ਸੁੱਧੀ ਹੀ ਇਸ਼ਨਾਨ ਦਾ ਸਿਧਾਂਤ ਨਿਸ਼ਾਨਾ ਨਹੀਂ (ਜੈਸਾ ਕਿ ਕਈ ਇਕ ਸਫ਼ਾਈ-ਪਸੰਦ ਉਦਕ-ਇਸ਼ਨਾਨੀਆਂ ਦਾ ਖ਼ਿਆਲ ਹੈ)। ਗੁਰਮਤਿ-ਇਸ਼ਨਾਨ-ਬਿਬੇਕ ਨੂੰ ਸ਼ਰੀਰਕ ਸੁਧੀ, ਮਾਨਸਕ ਸੁੱਧੀ ਅਤੇ ਆਤਮਕ ਸੁੱਧੀ ਦੇ ਅਮਰ ਫਲ ਸਿੱਟੇ ਸੁਤੇ ਸਿਧ ਹੀ ਲਗਦੇ ਹਨ। ਗੁਰਸਿਖਾਂ ਨੇ ਤਾਂ ਇਸ ਬਿਬੇਕ ਨੂੰ ਕੇਵਲ ਹੁਕਮ ਸਮਝ ਕੇ ਕਮਾਉਣਾ ਹੈ, ਨਾਮ ਰੂਪੀ ਸਾਰ-ਬਿਬੇਕ ਦਾ ਸੰਜਮ-ਧਾਰਨੀ-ਹੁਕਮ ਸਮਝ ਕੇ ਇਸ ਇਸ਼ਨਾਨ-ਬਿਬੇਕ ਨੂੰ ਕਮਾਵਣਾ ਹੈ, ਆਤਮ-ਅਨੰਦ ਦੀ ਬਿਰਧੀ ਨਮਿਤ ਨਾਮ-ਕਮਾਈ ਦਾ ਸਹਾਇਕ ਸਮਝ ਕੇ ਕਮਾਵਣਾ ਹੈ। ਦਲਿਦਰੀ ਮਨ ਨੂੰ, ਆਲਸ-ਗ੍ਰਸੇ ਤਨ ਮਨ ਨੂੰ ਨਾਮ-ਸਾਵਧਾਨੀ ਹੋਣ ਲਈ ਕਮਾਵਣਾ ਹੈ। ਡਿੰਭ-ਇਸ਼ਨਾਨੀਆਂ ਦੀ ਨਿਆਈਂ ਮਾਇਕ ਫੰਧ ਰਚਣ ਲਈ, ਮਾਇਆ-ਜਾਲ-ਫਾਥੇ ਸੰਸਾਰੀਆਂ ਨੂੰ ਰੀਝਾਵਣ ਅਤੇ ਰੀਝਾਇ ਕੇ ਓਹਨਾਂ ਪਾਸੋਂ ਮਾਇਕ ਲਾਹੇ ਉਠਾਵਣ ਦੀ ਮਨੋਰਥ-ਸਿੱਧੀ ਲਈ ਨਹੀਂ ਕਮਾਵਣਾ। ਮਾਇਕ ਮਨੋਰਥਾਂ ਦੀ ਮੈਲ ਮਨ ਵਿਚ ਰਖ ਕੇ ਨਹੀਂ ਕਮਾਵਣਾ। ਇਸ ਮੈਲ ਨਾਲ ਮਲੀਨ (ਮੈਲੇ) ਹੋਏ ਮਨ ਨੂੰ ਲੈ ਕੇ (ਅਰਥਾਤ, ਮਾਇਕ-ਮਨੋਰਥ-ਸਿਧੀ ਦੀ ਮਲੀਨ ਵਾਂਸ਼ਨਾ ਸੇਤੀ ਲਿਬੜੇ ਹੋਏ ਮਨ ਦੇ ਨਾਲ) ਨਾਮ-ਮਹਾਂ-ਬਿਬੇਕ ਦੇ ਉਚ ਮੰਤਵ ਨੂੰ ਮੁਖ ਰਖੇ ਬਿਹੂਣ ਅਤੇ ਨਾਮ ਮਹਾਂ ਰਸ ਦੇ ਚੱਖੇ ਬਿਹੂਣ ਨਿਰੇ ਤਨ ਧੋਵਣ ਕਰਕੇ, ਨਾ ਹੀ ਮਨ ਦੀ ਸੁਧੀ ਹੁੰਦੀ ਹੈ ਅਤੇ ਨਾ ਹੀ ਤਨ ਧੋਵਣਾ ਕਿਸੇ ਲੇਖੇ ਪੈਂਦਾ ਹੈ। ਇਸੇ ਪ੍ਰਥਾਇ ਇਹ ਗੁਰਵਾਕ ਹੈ। ਯਥਾ :

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥੧॥ ਵਡਹੰਸੁ ਮ: ੩, ਪੰਨਾ ੫੫੮

ਅਤੇ ਅਜਿਹੇ ਬੱਗ-ਇਸ਼ਨਾਨੀਆਂ, ਬਗ-ਧਿਆਨੀਆਂ, ਬਗ-ਗਿਆਨੀਆਂ ਪ੍ਰਥਾਇ ਹੀ ਇਹ ਅਗਲੇਰੇ ਗੁਰ ਪ੍ਰਮਾਣ ਹਨ। ਯਥਾ :

✽


www.AKJ.Org

# ਸਿਦਕੁ ਕਰਿ ਸਿਜਦਾ

[ ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ ]

ਮਾਝ ਕੀ ਵਾਰ ਵਿਚ ਸ੍ਰੀ ਗੁਰ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ—

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥

ਅਤੇ—ਰਬ ਕੀ ਰਜਾਇ ਮੰਨੇ ਸਿਰ ਉਪਰਿ, ਕਰਤਾ ਮੰਨੇ ਆਪੁ ਗਵਾਵੈ ॥੧॥੮॥ (ਪੰਨਾ ੧੪੧)

ਜ਼ਾਹਰਾ ਤੌਰ ਤੇ ਉਪਲਾ ਫ਼ੁਰਮਾਨ ਮੁਸਲਮਾਨਾਂ ਪ੍ਰਤੀ ਹੈ, ਪਰ 'ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ" ਦੇ ਗੁਰ-ਹੁਕਮ ਅਨੁਸਾਰ ਹਰੇਕ ਪ੍ਰਾਣੀ ਮਾਤਰ ਲਈ ਉਪਰੋਕਤ ਗੁਰ-ਉਪਦੇਸ਼ ਸਾਂਝਾ ਹੈ। ਮੁਸਲਮਾਨਾਂ, ਹਿੰਦੂਆਂ, ਸਿਖਾਂ ਅਤੇ ਚਹੁੰ ਵਰਨਾਂ ਦੀਆਂ ਸਭ ਜਾਤੀਆਂ ਲਈ ਇਹ ਸਾਂਝਾ ਉਪਦੇਸ਼ ਹੈ।

ਗੁਰਸਿਖ ਨੂੰ ਉਪਰੋਕਤ ਗੁਰ-ਹੁਕਮ ਤੋਂ ਇਹ ਸੰਕੇਤ ਮਿਲਦਾਂ ਹੈ ਕਿ ਉਹ ਆਪਣੇ ਅੰਦਰ ਝਾਤੀ ਮਾਰ ਕੇ ਵੇਖੇ ਕਿ ਕੀ ਉਸ ਦੀ ਰਹਿਣੀ ਬਹਿਣੀ ਤੇ ਕਥਨੀ ਕਰਣੀ ਸਿਖਾਂ ਵਾਲੀ ਹੈ ? ਕੀ ਉਹ ਗੁਰੂ ਦੇ ਹੁਕਮਾਂ ਤੇ ਚਲਦਾ ਹੈ ? ਕੀ ਉਹ ਗੁਰੂ ਕੀ ਰਜ਼ਾ ਨੂੰ ਸਿਰ ਮੱਥੇ ਮੰਨਦਾ ਹੈ ? ਕੀ ਉਹ ਆਪਾ ਤਿਆਗ ਕੇ ਸਿਦਕੀ ਸਿਖ ਵਾਂਗ ਗੁਰੂ-ਕਰਤਾਰ ਨੂੰ ਮੰਨਦਾ ਹੈ ? ਹੇਠਲੇ ਲੇਖ ਵਿਚ ਲੇਖਕ ਨੇ ਗੁਰਮਤਿ ਦੀ ਰੌਸ਼ਨੀ ਵਿਚ 'ਸਿਦਕ' ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। —ਸੰਪਾਦਕ

ਸਿਦਕੁ ਕਰਿ ਸਿਜਦਾ, ਮਨੁ ਕਰਿ ਮਖਸੂਦੁ ।। ਜਿਹ ਧਿਰਿ ਦੇਖਾ, ਤਿਹ ਧਿਰਿ ਮਉਜੂਦੁ ॥੧॥੪॥

(ਸਲੋਕ ਮ: ੧, ਵਾਰ ਸਿਰੀ ਰਾਗ, ਪੰਨਾ ੮੪

ਕਿਤਨਾ ਵਜ਼ਨ ਹੈ ਸਤਿਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਬੋਲਾਂ ਵਿਚ, ਕਿ ਹੇ ਪ੍ਰਾਣੀ ! ਰੱਬ ਅਗੇ, ਆਪਣੇ ਗੁਰਦੇਵ ਅਗੇ ਸਿਦਕ ਨਾਲ, ਪੂਰਨ ਵਿਸ਼ਵਾਸ ਨਾਲ ਸਿਰ ਨਿਵਾ, ਅਤੇ ਮਨ ਕਰਕੇ ਮਨਜ਼ਲੇ ਮਕਸੂਦ (ਨਿਯਤ ਥਾਂ) ਵਲ ਕਦਮ ਪੁਟ। ਸਿਦਕ ਰਾਹੀਂ ਹੀ ਵਾਹਿਗੁਰੂ ਹਰ ਪਾਸੇ ਰਵਿਆ ਹੋਇਆ ਦਿਸੇਗਾ, ਕਿਉਂਕਿ ਉਹ ਹਰ ਜਗ੍ਹਾ ਮੌਜੂਦ ਹੈ। ਮਨਜ਼ਲ ਮਕਸੂਦ ਗੋਬਿੰਦ-ਮਿਲਣ ਹੈ।

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ (ਪੰਨਾ ੧੨)

ਜੋ ਸਤਿਗੁਰੂ ਜੀ ਨੇ ਮਨੁੱਖ ਲਈ ਅੰਤਮ ਪੜਾਅ ਦਸਿਆ ਹੈ।

ਉਪਰਲੀ ਪੰਗਤੀ ਵਿਚ ਸਾਰਾ ਜ਼ੋਰ ਸਿਦਕ ਤੇ ਦਿੱਤਾ ਗਿਆ ਹੈ। ਅਤੇ ਅਧਿਆਤਮਕ ਮਾਰਗ ਸਿਦਕ-ਭਰੋਸੇ ਦਾ ਮਾਰਗ ਹੈ। ਪਹਿਲਾਂ ਇਹ ਦ੍ਰਿੜ੍ਹ ਵਿਸਵਾਸ ਕਰਨਾ ਹੈ ਕਿ ਸਤਿਗੁਰੂ ਜੀ ਦਸ ਰਹੇ ਹਨ, ਜੁ ਜਿਧਰ ਭੀ ਦੇਖਿਆ ਜਾਏ, ਉਥੇ ਵਾਹਿਗੁਰੂ ਮਉਜੂਦ ਹੁੰਦਾ ਹੈ।" ਅਧਿਆਤਮਿਕ ਮਾਰਗ ਦੇ ਪਾਂਧੀ ਲਈ ਸਤਿਗੁਰੂ ਜੀ ਦੇ ਇਸ

---

✿ ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥੫॥੪॥

ਗਉ: ਸੁਖ: ਮ: ੫, ਪੰਨਾ ੨੬੭

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥

ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬਹੀ ਨ ਜਾਏ ॥੧॥

ਪ੍ਰਭਾਤੀ ਮ: ੫, ਪੰਨਾ ੧੩੪੭-੪੮

ਇਸ ਪ੍ਰਕਾਰ ਦੇ ਡਿੰਭ-ਇਸ਼ਨਾਨ ਪ੍ਰਥਾਇ ਹੋਰ ਭੀ ਬਥੇਰੇ ਗੁਰਵਾਕ ਹਨ, ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਡਿੰਭ-ਇਸ਼ਨਾਨ ਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ। ਇਹ ਗੁਰਮਤਿ ਇਸ਼ਨਾਨ ਹੀ ਹੈ, ਭਾਵ, ਗੁਰਮਤਿ-ਬਿਬੇਕ-ਬਿਧੀ ਅਨੁਸਾਰ ਸਨਮਾਨਿਆ ਇਸ਼ਨਾਨ ਹੀ ਹੈ, ਜਿਸ ਨੂੰ ਕੀਤਿਆਂ "ਮਨ ਤਨ ਭਏ ਅਰੋਗਾ" ਦੀਆਂ ਸੁਧਤਾਈਆਂ ਸੁਤੇ ਹੀ ਬਣ ਆਉਂਦੀਆਂ ਹਨ। ਅਤੇ ਸੁਰਤੇ ਜਨਾਂ ਦੀਆਂ ਸੁਰਤੀਆਂ ਨਾਮ ਦੀ ਚੜ੍ਹਦੀ ਕਲਾ ਵਿਚ ਜਾ ਖੇਡਦੀਆਂ ਹਨ। ["ਗੁਰਮਤਿ ਬਿਬੇਕ" ਪੁਸਤਕ ਵਿਚੋਂ



www.AKJ.Org

ਉਪਦੇਸ਼ ਤੇ ਦ੍ਰਿੜ੍ਹਤਾ ਲੋੜੀਦੀ ਹੈ। ਇਸ ਸੰਬੰਧ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵ ਨੂੰ ਹੇਠ ਲਿਖੀ ਮਿੱਠੀ ਜਿਹੀ ਚਿਤਾਵਨੀ ਹੈ–

ਗੁਰ-ਸਭਾ ਏਵ ਨ ਪਾਈਐ, ਨ ਨੇੜੈ ਨ ਦੂਰਿ ॥
ਨਾਨਕ, ਸਤਿਗੁਰੁ ਤਾਂ ਮਿਲੈ, ਜਾ ਮਨੁ ਰਹੈ ਹਦੂਰਿ ॥੨॥ (ਪੰਨਾ ੮੪)

ਭਾਵ, ਗੁਰੂ ਦੀ ਸੰਗਤ, ਜਾਂ ਗੁਰੂ ਦਾ ਸੰਗ, ਇਉਂ ਨਹੀਂ ਪਾਈਦਾ ਜਿਵੇਂ ਅਸੀਂ ਸਰੀਰ ਕਰਕੇ ਗੁਰੂ-ਦਰਬਾਰ ਦੀ ਹਾਜ਼ਰੀ ਭਰਦੇ ਹਾਂ। ਗੁਰੂ ਦਾ ਸੰਗ ਸਰੀਰ ਕਰਕੇ, ਨੇੜੇ ਜਾਂ ਦੂਰ ਰਹਿਣ ਕਰਕੇ ਨਹੀਂ ਮਾਣਿਆ ਜਾਂਦਾ। ਇਹ ਤਾਂ ਇਕ ਭੁਲੇਖਾ ਹੀ ਹੈ। ਸਤਿਗੁਰੂ ਜੀ ਤਾਂ ਉਦੋਂ ਹੀ ਮਿਲਦੇ ਹਨ, ਜਦੋਂ ਅਸੀਂ ਮਨ ਕਰਕੇ ਗੁਰੂ ਦੀ ਹਜ਼ੂਰੀ ਵਿਚ ਜੁੜਦੇ ਹਾਂ–

ਬਿਨੁ ਭਾਗਾ ਸਤਿਗੁਰੁ ਨਾ ਮਿਲੈ, ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ, ਵਿਚਿ ਪੜਦਾ ਦੂਰਿ ਪਈਆਸਿ ॥੩॥੬੭॥

ਸਿਰੀ ਰਾਗੁ ਮ: ੪, ਪੰਨਾ ੪੦

ਸਤਿਗੁਰੂ ਨਾਨਕ ਦੇਵ ਜੀ ਦੇ ਨਿਮਾਜ਼ ਪੜ੍ਹਨ ਵਾਲੀ ਸਾਖੀ ਦਾ ਇਹੋ ਸਾਰ ਹੈ। ਕਾਜ਼ੀ ਅਤੇ ਮੁਲਾਂ ਸਰੀਰ ਕਰਕੇ ਤਾਂ ਨਿਮਾਜ਼ੀਆਂ ਦੀ ਮੂਹਰਲੀ ਕਤਾਰ ਵਿਚ ਖੜੇ ਸਨ, ਪਰ ਮਨ ਕਰਕੇ ਨਿਮਾਜ਼ ਨਹੀਂ ਸਨ ਕਰ ਰਹੇ। ਮਹਾਰਾਜ ਦਾ ਤਕਾਜ਼ਾ ਇਹੋ ਸੀ, "ਸਿਦਕੁ ਕਰਿ ਸਿਜਦਾ"। ਸਾਡਾ ਸਿਜਦਾ ਬਹੁਤਾ ਰਸਮੀ ਜਿਹਾ ਹੁੰਦਾ ਜਾਂਦਾ ਹੈ। ਸਵਾਲ ਉਦੋਂ ਭੀ ਇਹੋ ਸੀ ਤੇ ਹੁਣ ਭੀ ਇਹੋ ਹੈ ਕਿ ਕੀ ਕੋਈ ਜਨਮ ਜਾਂ ਕਰਮ ਦੇ ਅਧਾਰ ਤੇ ਜਗਿਆਸੂ ਬਣ ਸਕਦੈ ? ਭਾਵ ਜੇ ਕੋਈ ਜਨਮ ਦਾ ਬ੍ਰਾਹਮਣ ਹੈ, ਕੀ ਉਸ ਦੀ ਜਗਿਆਸਾ ਠੀਕ ਹੈ ? ਜੇ ਕੋਈ ਜਨਮ ਕਰਕੇ ਮੁਸਲਮਾਨ ਹੈ, ਕੀ ਉਸ ਦੀ ਜਗਿਆਸਾ ਸੰਪੂਰਨ ਮੰਨੀ ਜਾਵੇ ? ਜੇ ਕੋਈ ਜਨਮ ਜਾਂ ਰਹਿਤ-ਰਹਿਣੀ ਕਰਕੇ ਸਿਖ ਹੈ, ਕੀ ਉਸ ਦੀ ਜਗਿਆਸਾ ਪੂਰਨ ਮੰਨੀ ਜਾ ਸਕਦੀ ਹੈ ?

ਸਤਿਗੁਰਾਂ ਦਾ ਉਤਰ ਇਸ ਬਾਰੇ ਬੜਾ ਸਪੱਸ਼ਟ ਹੈ ਕਿ ਜਨਮ ਕਰਕੇ ਕੋਈ ਜਗਿਆਸੂ ਨਹੀਂ ਬਣ ਸਕਦਾ। ਆਪ ਨੇ ਬ੍ਰਾਹਮਣ ਦੀ ਇਹ ਥੀਊਰੀ ਰੱਦ ਹੀ ਕਰ ਦਿੱਤੀ ਕਿ ਸ਼ੂਦਰ ਭਗਤੀ ਕਰਨ ਦਾ ਅਧਿਕਾਰੀ ਨਹੀਂ ਹੋ ਸਕਦਾ, ਜਾਂ ਕੋਈ ਮੁਸਲਮਾਨ ਭਗਤੀ ਨਹੀਂ ਕਰ ਸਕਦਾ। ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਬਾਬਾ ਫਰੀਦ ਜੀ ਅਤੇ ਭਗਤ ਕਬੀਰ ਜੀ ਆਦਿ ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਦਾ ਆਪਣੀ ਪਾਵਨ ਬਾਣੀ ਦੇ ਨਾਲ ਨਾਲ ਦਰਜ ਕਰਨਾ ਸਿੱਧ ਕਰਦੈ ਕਿ ਉਹ ਸ੍ਰੇਸ਼ਟ ਭਗਤ ਸਨ ਅਤੇ ਪਰਵਾਨ ਚੜ੍ਹ ਚੁਕੇ ਸਨ। ਉਹਨਾਂ ਨੇ ਅੰਤਰ ਆਤਮੇ ਮਨ ਕਰਕੇ ਸਿਜਦਾ ਕੀਤਾ ਹੋਇਆ ਸੀ।

ਹਰ ਮਜ਼ਹਬ ਨੇ ਆਪੋ ਆਪਣੇ ਜਗਿਆਸੂਆਂ ਲਈ ਕੋਈ ਨ ਕੋਈ ਰਹਿਤ-ਮਰਯਾਦਾ ਬਣਾਈ ਹੁੰਦੀ ਹੈ। ਗੁਰਬਾਣੀ ਵਿਚ ਬ੍ਰਾਹਮਣੀ ਮਰਯਾਦਾ ਨੂੰ ਕਰਮ-ਧਰਮ ਦਾ ਨਾਮ ਦਿਤਾ ਗਿਆ ਹੈ। ਧਰਮ ਸੰਬੰਧੀ ਕਰਮ-ਧਰਮ ਤਕਰੀਬਨ ਹਰ ਮਜ਼ਹਬ ਵਿਚ ਮਿਲਦੇ ਹਨ। ਮੁਸਲਮਾਨ ਨੇ ਪੰਜ ਵਕਤ ਨਿਮਾਜ਼ ਅਦਾ ਕਰਨੀ ਹੈ। ਰੋਜ਼ੇ ਰਖਣੇ, ਜ਼ਕਾਤ ਦੇਣੀ, ਆਦਿ ਮੋਮਨ ਮੁਸਲਮਾਨ ਦੇ ਕਰਮ-ਧਰਮ ਉਨ੍ਹਾਂ ਦੀ ਸ਼ਰ੍ਹਾ ਅਨੁਸਾਰ ਮੰਨੇ ਜਾਂਦੇ ਹਨ। ਸਿਖ ਲਈ ਭੀ ਰਹਿਤ-ਰਹਿਣੀ ਉਲੀਕ ਦਿੱਤੀ ਗਈ ਹੈ। ਇਹ ਰਹਿਤ-ਰਹਿਣੀ ਜਾਂ ਸ਼ਰ੍ਹਾ-ਸ਼ਰੀਅਤ ਉਹ ਕਰਮ ਹਨ, ਜੋ ਜਗਿਆਸੂ ਲਈ ਕਰਨੇ ਲਾਜ਼ਮੀ ਹਨ। ਹਰ ਮਜ਼ਹਬ ਦੇ ਲੋਗ ਆਪੋ ਆਪਣੇ ਹਿਸਾਬ ਨਾਲ ਕਰਮ-ਧਰਮ ਕਰੀ ਜਾਂਦੇ ਹਨ। ਇਹ ਸਾਰੇ ਕਰਮ ਬਾਹਰਮੁਖੀ ਹਨ। ਇਹ ਰਹਿਤ-ਰਹਿਣੀ ਜਾਂ ਸ਼ਰ੍ਹਾ-ਸ਼ਰੀਅਤ ਆਦਿ ਦੇ ਕਰਮ ਮਨੁੱਖ ਦਾ ਨਿਤ ਦਾ ਨਿਯਮ ਬਣ ਜਾਂਦੇ ਹਨ, ਜਿਵੇਂ ਕਿ—ਨਿਮਾਜ਼ ਪੜ੍ਹਨੀ ਠਾਕਰਾਂ ਦੀ ਪੂਜਾ ਕਰਨੀ, ਅਤੇ ਇਸੇ ਤਰ੍ਹਾਂ ਰੋਜ਼ਾਨਾ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਸੰਗਤ ਵਿਚ ਜਾਣਾ ਆਦਿ। ਜਿਸ ਦਿਨ ਇਹ ਨੇਮ ਖੁੰਜ ਜਾਏ, ਮਨ ਨੂੰ ਕੁਝ ਤ੍ਰੋਟ ਪ੍ਰਤੀਤ ਹੁੰਦੀ ਹੈ। ਪਰ ਇਸ ਤੋਂ ਅਗਲੇਰੀ ਗੱਲ ਸਤਿਗੁਰੂ ਜੀ ਆਪ ਹੀ ਸਮਝਾ ਗਏ ਹਨ, ਉਪਰੋਕਤ ਸ਼ਬਦ ਵਿਚ–


www.AKJ.Org

ਸਰੇ ਸਰੀਅਤਿ ਕਰਹਿ ਬੀਚਾਰੁ ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥੧॥੪॥

(ਸਲੋਕ ਮ: ੧, ਪੰਨਾ ੮੪)

ਭਾਵ, ਕੇਵਲ ਧਰਮ-ਕਰਮ ਨੂੰ ਹੀ ਦ੍ਰਿੜ੍ਹਤਾ ਨਾਲ ਨਿਭਾਉਣ ਨਾਲ ਗੱਲ ਨਹੀਂ ਮੁਕ ਜਾਂਦੀ, ਸਗੋਂ ਤੱਤ ਵਸਤੂ ਨੂੰ ਪਛਾਣਨਾ ਹੈ। ਤੱਤ ਦੀ ਗੱਲ ਨੂੰ ਸਮਝੇ ਬਿਨਾਂ ਕੋਈ ਜਗਿਆਸੂ ਕਿਵੇਂ ਪਾਰ ਹੋ ਸਕਦਾ ਹੈ?

ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ ॥੧॥......

ਕੋਟਿ ਤੀਰਥ ਮਜਨ ਇਸਨਾਨਾ, ਇਸੁ ਕਲਿ ਮਹਿ ਮੈਲੁ ਭਰੀਜੈ ॥੨॥......

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ, ਇਨ੍ ਪੜਿਆ ਮੁਕਤਿ ਨ ਹੋਈ॥

ਏਕੁ ਅਖਰੁ ਜੋ ਗੁਰਮੁਖਿ ਜਾਪੈ, ਤਿਸ ਕੀ ਨਿਰਮਲ ਸੋਈ ॥੩॥ (ਸੂਹੀ ਮ: ੫, ਪੰਨਾ ੭੪੭)

ਉਪਰੋਕਤ ਸਮੁਚੇ ਸ਼ਬਦ ਦਾ ਭਾਵ ਇਹੋ ਹੈ ਕਿ ਕਰਮ-ਧਰਮ ਜਦੋਂ ਨਿਰੀ ਇਕ ਆਦਤ ਦਾ ਰੂਪ ਧਾਰਨ ਕਰ ਜਾਂਦੇ ਹਨ, ਤਾਂ ਮਨੁਖ ਦੇ ਰੋਜ਼ਾਨਾ ਵਰਤੋਂ-ਵਿਹਾਰ ਤੇ ਉਨ੍ਹਾਂ ਦਾ ਅਸਰ ਨਹੀਂ ਪੈਂਦਾ। ਜਿਵੇਂ ਲੋਕ-ਪ੍ਰਪਾਟੀ ਅਨੁਸਾਰ ਤੀਰਥਾਂ ਦੇ ਇਸ਼ਨਾਨ ਕੀਤੇ ਜਾਂਦੇ ਹਨ, ਪਰ ਉਨ੍ਹਾਂ ਦਾ ਮਨ ਤੇ ਕੋਈ ਅਸਰ ਨਹੀਂ ਹੁੰਦਾ, ਮਨ ਨਿਰਮਲ ਨਹੀਂ ਹੁੰਦੇ, ਇਤ੍ਹੋਂ ਹੀ ਤੀਰਥ-ਇਸ਼ਨਾਨ ਵਾਂਗ ਧਰਮ-ਪੁਸਤਕਾਂ ਦਾ ਨਿਰਾ ਪਾਠ ਕਰਨਾ ਭੀ ਕਰਮ-ਧਰਮ ਹੈ। ਇਹਨਾਂ ਦੇ ਕੇਵਲ ਪੜ੍ਹਨ ਮਾਤਰ ਨਾਲ ਮੁਕਤੀ ਨਹੀਂ ਹੋ ਸਕਦੀ। ਮੁਕਤੀ ਉਦੋਂ ਹੀ ਹੋਣੀ ਹੈ ਜਦੋਂ ਅਸੀਂ ਸਿਦਕ ਨਾਲ, ਭਰੋਸੇ ਨਾਲ ਗੁਰੂ ਦੁਆਰਾ ਬਖਸ਼ੇ ਹੋਏ "ਇਕ ਅਖਰ", ਗੁਰਮੰਤਰ ਨੂੰ ਹਿਰਦੇ ਵਿਚ ਪ੍ਰੋ ਲੈਂਦੇ ਹਾਂ।

ਭਾਈ ਗੁਰਦਾਸ ਜੀ ਨੇ ੩੫ਵੀਂ ਵਾਰ ਦੀ ੨੦ਵੀਂ ਪਉੜੀ ਦੀ ਅੰਤਲੀ ਤੁਕ ਇਉਂ ਲਿਖੀ ਹੈ—

ਜੇ ਗੁਰ ਸਾਂਗ ਵਰਤਦਾ, ਸਿਖ ਸਿਦਕ ਨ ਹਾਰੇ ॥

ਇਤਿਹਾਸ ਦਸਦਾ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਇਹ ਪਉੜੀ ਸੁਣ ਕੇ ਮੁਸਕ੍ਰਾਏ, ਪਰ ਕਿਹਾ ਕੁਝ ਨਾ। ਕੁਝ ਸਮੇਂ ਬਾਅਦ ਭਾਈ ਗੁਰਦਾਸ ਜੀ ਨੂੰ ਘੋੜੇ ਖਰੀਦਣ ਕਾਬਲ ਭੇਜਿਆ ਗਿਆ ਤਾਂ ਖੁਰਜੀਆਂ ਵਿਚ ਪਈਆਂ ਅਸ਼ਰਫ਼ੀਆਂ ਉਹਨਾਂ ਨੂੰ ਠੀਕਰੇ ਦਿਸਣ। ਭਾਈ ਸਾਹਿਬ ਸਿੱਦਕ ਤੋਂ ਡੋਲ ਗਏ। ਪਿਛੋਂ ਸੰਗਤ ਵਿਚ ਆਣ ਕੇ ਮਾਫ਼ੀ ਮੰਗੀ। ਭਾਈ ਸਾਹਿਬ ਦੀ ਸਿਖਿਆ ਬੜੀ ਨੇਕ ਸੀ ਕਿ ਜੇਕਰ ਗੁਰੂ ਕਿਸੇ ਸਮੇਂ ਸਿਖ ਦਾ ਇਮਤਿਹਾਨ ਲਵੇ ਤਾਂ ਸਿਖ ਡੋਲੇ ਨਾ। ਪਰ ਇਸ ਵਿਚ ਸਿਖ ਦੀ ਆਪਣੀ ਹਉਮੈ ਦਾ ਅੰਸ਼ ਕਾਇਮ ਰਹਿੰਦਾ ਹੈ। ਸਿਦਕ ਦੀ ਮੰਗ ਇਹ ਹੈ ਕਿ ਆਪਣੀ ਸਿਆਣਪ ਤੇ ਚਤੁਰਾਈ ਛੱਡ ਕੇ ਗੁਰੂ ਦੇ ਭਰੋਸੇ ਹੋ ਕੇ ਜੀਵੇ ਅਤੇ ਇਉਂ ਜੋਦੜੀਆਂ ਕਰੇ—

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ (ਪੰਨਾ ੫੧)

ਫਿਰ ਦੁਨੀਆ ਦੀ ਕੋਈ ਠੰਢੀ ਤੱਤੀ ਆਵੇ, ਤਾਂ ਸਿਖ ਗੁਰੂ ਦੇ ਭਰੋਸੇ ਵਿਚ ਰਹਿ ਕੇ ਡੋਲਦਾ ਨਹੀਂ।

ਭਾਈ ਗੁਰਦਾਸ ਜੀ ਨੇ ਇਸ ਗੱਲ ਨੂੰ ਅਗਲੀ ਪਉੜੀ ਵਿਚ ਸਪੱਸ਼ਟ ਕਰ ਦਿਤਾ ਹੈ ਕਿ ਜੇ ਕੋਈ ਸਿਖ ਸਿਦਕ ਵਿਚ ਕਾਇਮ ਰਹਿਣ ਦੀ ਡੀਂਗ ਮਾਰੇ ਤਾਂ ਇਹ ਫ਼ਜ਼ੂਲ ਗੱਲ ਹੈ। ਸਿਦਕ ਵਿਚ ਕਾਇਮ ਰਹਿਣਾ ਮਨੁੱਖ ਦੇ ਆਪਣੇ ਵਸ ਦੀ ਗੱਲ ਨਹੀਂ। ਬੜੇ ਬੜੇ ਸਾਧਕ ਤੇ ਕਮਾਈਆਂ ਕਰਨ ਵਾਲੇ ਭੀੜਾ ਪਏ ਤੇ ਡੋਲ ਜਾਂਦੇ ਹਨ, ਜਿਵੇਂ ਭੁਚਾਲ ਆਉਣ ਤੇ ਧਰਤੀ ਉਪਰ ਕਈ ਪੱਕੇ ਉਸਾਰੇ ਗਏ ਕਿਲ੍ਹੇ ਵੀ ਢਹਿ-ਢੇਰੀ ਹੋ ਜਾਂਦੇ ਹਨ, ਭਿਆਨਕ ਤੂਫ਼ਾਨ-ਝਖੜ-ਹਨੇਰੀ ਵਿਚ ਕਈ ਵਡੇ ਵਡੇ ਬ੍ਰਿਛ ਵੀ ਜੜ੍ਹਾਂ ਤੋਂ ਪੁਟੇ ਜਾਂਦੇ ਹਨ, ਜੰਗਲ ਵਿਚ ਅੱਗ ਲਗ ਜਾਏ ਤਾਂ ਅਨੇਕਾਂ ਘਾਹ ਬੂਟੇ ਫੂਕੇ ਜਾਂਦੇ ਹਨ, ਵਹਿੰਦੇ ਦਰਿਆਵਾਂ ਵਿਚ ਹੜ੍ਹ ਆ ਜਾਵੇ ਤਾਂ ਜੋ ਕੁਝ ਉਸ ਦੀ ਲਪੇਟ ਵਿਚ ਆਏ, ਸਭ ਕੁਝ ਰੋੜ੍ਹ ਲੈ ਜਾਂਦੇ ਹਨ, ਇਸੇ ਤਰ੍ਹਾਂ ਮੁਸੀਬਤ ਪਏ ਤੇ ਸਿਦਕ ਵਿਚ ਕੋਈ ਵਿਰਲੇ ਮਨੁੱਖ ਹੀ ਕਾਇਮ ਰਹਿ ਸਕਦੇ ਹਨ—

ਸਾਂਗੈ ਅੰਦਰਿ ਸਾਬਤੇ, ਸੇ ਵਿਰਲੇ ਬੰਦੇ ॥੨੧॥ (ਵਾਰ ੩੫)

ਭਾਈ ਸਾਹਿਬ ਇਸ ਤੋਂ ਅਗਲੀ ਪਉੜੀ ਵਿਚ ਪ੍ਰਗਟ ਕਰਦੇ ਹਨ ਕਿ ਜੇ ਸਤਿਗੁਰੂ ਹੀ ਸਿਖ ਨੂੰ ਕੋਈ ਪਰਚਾ ਪਾ ਕੇ ਭਰਮਾਣਾ ਚਾਹੇ ਤਾਂ ਸਿਖ ਦੀ ਕੋਈ ਪਾਂਇਆਂ ਨਹੀਂ ਕਿ ਉਹ ਸਿਦਕ ਵਿਚ ਕਾਇਮ ਰਹਿ ਸਕੇ,


www.AKJ.Org

ਜਿਵੇਂ,{ਜੇ ਮਾਂ ਹੀ ਪੁਤਰ ਨੂੰ ਜ਼ਹਿਰ ਦੇ ਦੇਵੇ ਤਾਂ ਉਸ ਨੂੰ ਉਸ ਤੋਂ ਵਧ ਹੋਰ ਕੌਣ ਪਿਆਰਾ ਹੋ ਸਕਦਾ ਹੈ; ਜੇ ਪਹਿਰੇਦਾਰ ਹੀ ਘਰ ਨੂੰ ਸੰਨ੍ਹ ਲਾਉਣੀ ਚਾਹੇ ਤਾਂ ਉਸ ਦੀ ਰਾਖੀ ਕੌਣ ਕਰ ਸਕਦਾ ਹੈ; ਜੇ ਮਲਾਹ ਹੀ ਬੇੜੀ ਡੋਬ ਦੇਵੇ ਤਾਂ ਪਾਰ ਕਿਸ ਨੇ ਚੜ੍ਹਾਣਾ ਹੈ; ਜੇ ਕਾਫ਼ਲੇ ਨੂੰ ਆਗੂ ਹੀ ਉਜਾੜ ਵਿਚ ਪਾ ਦੇਵੇ ਤਾਂ ਕਿਸ ਕੋਲ ਪੁਕਾਰ ਕੀਤੀ ਜਾ ਸਕਦੀ ਹੈ ਅਤੇ ਜੇ ਵਾੜ ਹੀ ਖੇਤ ਨੂੰ ਖਾਣਾ ਸ਼ੁਰੂ ਕਰ ਦੇਵੇ ਤਾਂ ਫਿਰ ਉਸ ਦੀ ਖ਼ਬਰ ਸੁਰਤ ਕਿਸ ਲੈਣੀ ਹੈ; ਇਉਂ ਹੀ ਸਤਿਗੁਰੂ ਜੀ ਜੇ ਸਿਖ ਨੂੰ ਪ੍ਰੀਖਿਆ ਵਿਚ ਪਾਉਣਾ ਚਾਹੇ ਤਾਂ ਉਹ ਵਿਚਾਰਾ ਕੀ ਹੈ–

ਜੇ ਗੁਰ ਭਰਮਾਏ ਸਾਂਗੁ ਕਰਿ, ਕਿਆ ਸਿਖ ਵਿਚਾਰਾ ॥੨੨॥ (ਵਾਰ ੩੫)

ਆਖ਼ਰੀ ਪਉੜੀ ਵਿਚ ਭਾਈ ਸਾਹਿਬ ਨੇ ਨਿਰਣਾ ਕਰ ਦਿਤਾ ਹੈ ਕਿ ਸਿਦਕ ਵਿਚ ਓਹੋ ਹੀ ਸਿਖ ਕਾਇਮ ਰਹਿ ਸਕਦਾ ਹੈ, ਜਿਸ ਦੀ ਸਤਿਗੁਰੂ ਆਪ ਸਹਾਇਤਾ ਕਰੇ, ਜਿਸ ਨੂੰ ਸਤਿਗੁਰੂ ਆਪ ਬਲ ਬਖਸ਼ਸ਼ ਕਰੇ–

ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ ॥੨੩॥੩੫॥

ਹਾਂ ਜੀ, ਗੁਰੂ ਦੀ ਬਖਸ਼ਸ਼-ਪ੍ਰਾਪਤ ਨਾਮ-ਕਮਾਈ ਵਾਲੇ ਨਿਰਮਾਣ ਸਿਦਕੀ ਸਿੱਖਾਂ–ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਅਤੇ ਹੋਰ ਅਨੇਕਾਂ ਸ਼ਹੀਦ ਸਿੰਘਾਂ ਨੂੰ ਦੁਨੀਆ ਦਾ ਕੋਈ ਜਬਰ ਜਾਂ ਕੋਈ ਲਾਲਚ ਸਿਦਕ ਤੋਂ ਨਹੀਂ ਡੁਲਾ ਸਕਿਆ। ਉਹ ਕਰੜੀਆਂ ਤੋਂ ਕਰੜੀਆਂ ਅਤੇ ਭਿਆਨਕ ਲੂੰ-ਕੰਡੇ ਖੜੇ ਕਰ ਦੇਣ ਵਾਲੀਆਂ ਸਜ਼ਾਵਾਂ ਨੂੰ ਵੀ ਖਿੜੇ ਮੱਥੇ ਨਾਮ-ਆਸਰੇ ਸਹਾਰ ਗਏ, ਪਰ ਸਿਖੀ ਸਿਦਕ ਤੋਂ ਇਕ ਕਦਮ ਵੀ ਪਿੱਛੇ ਨਹੀਂ ਹਟੇ। ਉਨ੍ਹਾਂ ਦਾ ਗੁਰੂ ਸਹਾਈ ਹੋ ਨਿਬੜਿਆ।

ਗੱਲ ਸਿਦਕ ਦੀ ਹੋ ਰਹੀ ਹੈ। ਸਿਦਕ ਸਾਡੇ ਨਾਲ ਨਹੀਂ ਜੰਮਦਾ। ਇਹ ਤਾਂ ਹੌਲੀ ਹੌਲੀ ਸਾਧ ਸੰਗਤ ਵਿਚ ਜਾਣ ਨਾਲ, ਸਤਿਗੁਰੂ ਜੀ ਦੀ ਬਾਣੀ ਪੜ੍ਹ ਕੇ, ਪਿਆਰ ਨਾਲ ਹਿਰਦੇ ਅੰਦਰ ਵੀਚਾਰਨ ਨਾਲ, ਫਿਰ ਹੌਲੀ ਹੌਲੀ ਰੋਜ਼ਾਨਾ ਜੀਵਨ ਵਿਚ ਗੁਰੂ ਜੀ ਦੀ ਅਣਦਿਸਦੀ ਸਹਾਇਤਾ ਨੂੰ ਅੰਤਰ-ਆਤਮੇ ਅਨੁਭਵ ਕਰਨ ਨਾਲ ਸਿਦਕ ਦੇ ਬੂਟੇ ਦਾ ਅੰਕੁਰ ਸਾਡੇ ਅੰਦਰ ਫੁਟਦਾ ਹੈ। ਇਸ ਨੂੰ ਵਧਣ ਫੁਲਣ ਲਈ ਸਤਿਗੁਰੂ ਜੀ ਦੀ ਭੈ-ਭਾਵਨੀ ਦਾ ਪਾਣੀ ਚਾਹੀਦਾ ਹੁੰਦਾ ਹੈ। ਜੋ ਲੋਗ ਆਪਣੀ ਚਤੁਰਾਈ ਜਾਂ ਗਿਆਨ-ਵਿਗਿਆਨ ਦੀਆਂ ਤਰਕਾਂ ਦਾ ਪਾਣੀ ਇਸ ਬੂਟੇ ਨੂੰ ਦਿੰਦੇ ਹਨ, ਇਹ ਬੂਟਾ ਮਰ ਜਾਂਦਾ ਹੈ। ਆਪਣੇ ਗੁਰੂ ਤੇ ਇਹ ਅਟੱਲ ਵਿਸ਼ਵਾਸ ਕਿ ਮੇਰੇ ਗੁਰੂ ਦੇ ਕਹੇ ਬਚਨ ਕਦੀ ਝੁਠਲਾਏ ਨਹੀਂ ਜਾ ਸਕਦੇ, ਸਿਦਕ ਹੈ, ਭਾਵੇਂ ਲੱਖ ਸਾਇੰਸਦਾਨ ਪਏ ਆਪਣੀਆਂ ਚਤੁਰਾਈਆਂ ਛਾਂਟਣ। ਇਤਨਾ ਦ੍ਰਿੜ੍ਹ ਵਿਸ਼ਵਾਸ ਜੇਕਰ ਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਆ ਜਾਏ, ਸਿਖ ਦੇ ਸਾਰੇ ਦੁਖ ਦੂਰ ਹੋ ਸਕਦੇ ਹਨ। ਅਜੋਕੇ ਸਿਖ ਦੀ ਸਭ ਤੋਂ ਵੱਡੀ ਸਮੱਸਿਆ ਹੀ ਇਹੋ ਹੈ ਕਿ ਸਿੱਖ ਦਾ ਆਪਣੇ ਗੁਰੂ ਤੋਂ ਈਮਾਨ ਥਿੜਕਿਆ ਪਿਆ ਹੈ। ਗੁਰਵਾਕ ਹੈ–

ਸਤਿਗੁਰ ਕੀ ਪਰਤੀਤਿ ਨ ਆਈਆ, ਸਬਦਿ ਨ ਲਾਗੋ ਭਾਉ ॥
ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥੧॥੧੪॥
(ਸਲੋਕ ਮ: ੩, ਪੰਨਾ ੫੯੧)

ਭਾਵ, ਜਿਨ੍ਹਾਂ ਨੂੰ ਆਪਣੇ ਸਤਿਗੁਰੂ ਤੇ ਭਰੋਸਾ ਨਹੀਂ, ਉਹਨਾਂ ਵਲੋਂ ਬਖਸ਼ੇ ਗੁਰਮੰਤਰ ਦੀ ਕਲਾ ਤੇ ਯਕੀਨ ਹੀ ਨਹੀਂ, ਅਤੇ ਨਾ ਹੀ ਉਹ ਭਾਉ-ਭਾਵਨੀ ਨਾਲ ਗੁਰ-ਮੰਤਰ ਸ਼ਬਦ ਦੀ ਕਮਾਈ ਕਰਦੇ ਹਨ, ਐਸੇ ਸਿੱਖਾਂ ਨੂੰ ਕਦੀ ਵੀ ਸੁਖ-ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ, ਭਾਵੇਂ ਉਹ ਸੌ ਵਾਰੀ ਜਨਮ ਲੈ ਲੈਣ।

ਸਮੁਚੇ ਸਿੱਖ-ਇਤਿਹਾਸ ਦਾ ਧੁਰਾ ਹੀ ਸਿਦਕ ਰਿਹਾ ਹੈ। ਚਾਲੀ ਕੁ ਸਿਖ ਸਿਦਕੋਂ ਡੋਲੇ ਸਨ, ਪਰ ਫਿਰ ਮੁੜ ਕੇ ਕਾਇਮ ਹੋ ਗਏ। ਮੁਕਤਸਰ ਦੀ ਇਸ ਘਟਨਾ ਦਾ ਸਿੱਖੀ-ਸਿਦਕ ਦੇ ਇਤਿਹਾਸ ਵਿਚ ਮਹੱਤਵ ਇਸ ਗੱਲ ਤੋਂ ਵੇਖਿਆ ਜਾ ਸਕਦਾ ਹੈ ਕਿ ਇਥੇ ਹਰ ਸਾਲ ਸਿਦਕੀ ਸਿੱਖਾਂ ਦੀ ਯਾਦ ਮਨਾਈ ਜਾਂਦੀ ਹੈ। ਸਿਖ-ਅਰਦਾਸ ਵਿਚ ਸਤਿਗੁਰੂ ਪਾਸੋਂ ਕੁਝ ਇਕ ਵਸਤੂਆਂ ਦਾਨ ਵਜੋਂ ਮੰਗੀਆਂ ਗਈਆਂ ਹਨ; ਜਿਵੇਂ "ਸਿੱਖਾਂ ਨੂੰ ਸਿੱਖੀ ਦਾਨ,


www.AKJ.org

ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸ਼ਾਹ ਦਾਨ, ਭਰੋਸਾ (ਸਿਦਕ) ਦਾਨ, ਦਾਨਾਂ ਸਿਰ ਦਾਨ ਨਾਮ ਦਾਨ।'' ਗੁਰੂ ਉਤੇ ਸਿਦਕ-ਭਰੋਸਾ ਇਹਨਾਂ ਸੱਤਾਂ ਦਾਨਾਂ ਵਿਚੋਂ ਇਕ ਅਨਮੋਲ ਵਸਤੂ ਹੈ। ਜੇ ਸਿਖ ਪਾਸ ਸਿਦਕ ਅਤੇ ਭਰੋਸਾ ਹੀ ਨਹੀਂ ਹੈ ਤਾਂ ਉਸ ਦਾ ਬਾਹਰਲਾ ਸਰੂਪ ਭਾਵੇਂ ਕੇਸਾਧਾਰੀ ਸਰੂਪ ਹੋ ਸਕਦਾ ਹੈ, ਪਰ ਅੰਦਰੋਂ ਉਹ ਅਜੇ ਗੁਰੂ ਕਾ ਸਿਖ ਨਹੀਂ ਬਣਿਆ।

ਸਿੱਖ ਬਣਨ ਲਈ ਸਿਦਕ ਦਾ ਬੂਟਾ ਆਪਣੇ ਹਿਰਦੇ ਅੰਦਰ ਜਮਾਉਣ ਲਈ ਗੁਰੂ-ਚਰਨਾਂ ਵਿਚ ਅਰਦਾਸ ਬੜੀ ਸਹਾਈ ਹੁੰਦੀ ਹੈ। ਪਰ ਸਿਖ ਨੂੰ ਇਹ ਵਿਸ਼ਵਾਸ ਹੋਣਾ ਜ਼ਰੂਰੀ ਹੈ ਕਿ ਸਿੱਦਕ ਬਿਨਾਂ ਬੇੜੇ ਕਦੀ ਪਾਰ ਨਹੀਂ ਹੁੰਦੇ। ਗੁਰੂ ਤਾਂ ਸਿਖ ਦੇ ਸਦਾ ਹੀ ਅੰਗ ਸੰਗ ਹੁੰਦਾ ਹੈ। ਪਰ ਇਹ ''ਅਦ੍ਰਿਸ਼ਟ ਹਜ਼ੂਰੀ'' ਉਸ ਸਿਖ ਨੂੰ ਪਰਤੱਖ ਦਿਸਦੀ ਹੈ, ਜਿਸ ਦਾ ਸਿਦਕ ਕਾਇਮ ਰਹਿੰਦਾ ਹੈ; ਅਤੇ ਉਸੇ ਦੇ ਹੀ ਬੇੜੇ ਪਾਰ ਹੁੰਦੇ ਆਏ ਹਨ। ਪਰ ਜੇ ਗੁਰੂ ਸਿਖ ਨੂੰ ਪਰਖਣ ਲਈ ਕੋਈ ਸਾਂਗ ਵਰਤਾ ਦੇਵੇ ਤਾਂ ਸ੍ਰੀ ਗੁਰੂ ਰਾਮ ਦਾਸ ਜੀ ਦੇ ਇਨ੍ਹਾਂ ਫ਼ੁਰਮਾਨਾਂ ਅਨੁਸਾਰ ਸਿਖ ਨੂੰ ਅਰਜ਼ੋਈ ਵਿਚ ਜੁੜੇ ਰਹਿਣਾ ਚਾਹੀਦਾ ਹੈ–

ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ, ਜੇ ਮਾਰਿ ਕਢਹਿ ਭੀ ਧਿਆਈ ॥੮॥
ਜੇ ਲੋਕੁ ਸਲਾਹੇ ਤਾ ਤੇਰੀ ਉਪਮਾ, ਜੇ ਨਿੰਦੈ ਤ ਛੋਡਿ ਨ ਜਾਈ ॥੯॥...
ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥੨੫॥...
ਨਾਨਕ ਕਾ ਜੀਉ ਪਿੰਡੁ ਗੁਰੂ ਹੈ, ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥

(ਰਾਗ ਸੂਹੀ ਅਸਟਪਦੀਆਂ ਮ: ੪ ਘਰ ੨, ਪੰਨਾ ੭੫੭–੫੮)

ਮੁਕਦੀ ਗੱਲ ਇਹੋ ਹੈ ''ਕਿ ਸਿਦਕਵਾਨਾਂ ਦਾ ਖਜ਼ਾਨਾ ਹੀ ਸਿਦਕ ਹੈ, ਜਿਵੇਂ ਦੇਵਤਿਆਂ ਦਾ ਖ਼ਜ਼ਾਨਾ ਸਬਰ ਸੰਤੋਖ ਹੁੰਦਾ ਹੈ। ਅਜਿਹੇ ਸਿਦਕਵਾਨ ਅਤੇ ਸਾਬਰ-ਸੰਤੋਖੀ ਪੁਰਸ਼ ਅਕਾਲ ਪੁਰਖ ਦੇ ਦੀਦਾਰ ਪਾਉਂਦੇ ਹਨ। ਪਰ ਬੇਸਿਦਕਿਆਂ ਜਾਂ ਗੱਪੀਆਂ ਲਈ ਆਤਮਕ ਮਾਰਗ ਤੇ ਕੋਈ ਥਾਂ ਨਹੀਂ ਹੁੰਦਾ।'' ਗੁਰਵਾਕ ਹੈ :–

ਸਿਦਕੁ ਸਬੂਰੀ ਸਾਦਿਕਾਂ, ਸਬਰੁ ਤੋਸਾ ਮਲਾਇਕਾਂ ॥
ਦੀਦਾਰੁ ਪੂਰੇ ਪਾਇਸਾ, ਥਾਉ ਨਾਹੀ ਖਾਇਕਾ ॥੨॥੨॥ (ਮ: ੧, ਵਾਰ ਸਿਰੀ ਰਾਗ, ਪੰਨਾ ੮੩)

---

(ਸਫਾ ੧੪ ਦੀ ਬਾਕੀ)

ਭਾਈ ਸਾਹਿਬ ਰਣਧੀਰ ਸਿੰਘ ਹੋਰੀਂ ਆਪਣੀ ਪੁਸਤਕ ''ਗੁਰਮਤਿ ਬਿਬੇਕ'' ਦੇ ਲੇਖ 'ਸਿਖ ਸ਼ਹੀਦਾਂ ਦਾ ਬੀਰ-ਰਸ' ਵਿਚ ਲਿਖਦੇ ਹਨ ਕਿ ਬਾਬਾ ਦੀਪ ਸਿੰਘ ਦੇ ਖੰਡੇ ਦਾ ਸ਼ਹੀਦੀ ਰਸ ਚੱਖ ਕੇ ਵੈਰ-ਵਿਰੋਧ ਦੀ ਅਗਨੀ ਨਾਲ ਸੜੇ ਹੋਏ ਮਨੁੱਖ ਹਿਰਦੇ ਭੀ ਸੀਤਲ ਤੇ ਸ਼ਾਂਤ ਹੋ ਜਾਂਦੇ ਸਨ। ਮਰਦੇ ਹੋਏ ਪੈਂਦੇ ਖ਼ਾਨ ਨੂੰ ਜਦੋਂ ਗੁਰੂ ਹਰਿ-ਗੋਬਿੰਦ ਸਾਹਿਬ ਨੇ ਕਿਹਾ, ''ਪੈਂਦੇ ਖ਼ਾਨ! ਕਲਮਾ ਪੜ੍ਹ।'' ਤਾਂ ਕਹਿਣ ਲੱਗਾ, ''ਪਾਤਸ਼ਾਹ! ਆਪਦੀ ਕਿਰਪਾਨ ਹੀ ਕਲਮਾ ਹੈ ਹੁਣ।''

ਪ੍ਰਮਾਤਮਾ ਸਦਾ ਹੀ ਜਾਗਦਾ ਹੈ, ਦਿਨ ਰਾਤੀਂ ਜਾਗਦਾ ਹੈ, ਕਦੇ ਸੌਂਦਾ ਨਹੀਂ। ਸਿੱਖ ਨੇ, ਇਨਸਾਨ ਨੇ, ਇਸ ਆਤਮਾ ਨੇ ਉਸ ਪਰਮ-ਸੱਤ, ਪਰਮ-ਤੱਤ ਅਤੇ ਪਰਮ-ਅਨੰਦ ਸਰੂਪ ਵਿਚ ਅਭੇਦ ਹੋ ਕੇ, ਉਸ ਵਿਚ ਮਿਲ ਕੇ ਉਸ ਦਾ ਰੂਪ ਹੀ ਹੋ ਜਾਣਾ ਹੈ :–

ਸੂਰਜਿ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥੪॥੨॥

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਫ਼ੰਡ ਦੀ ਰਕਮ ''ਅਖੰਡ ਕੀਰਤਨੀ ਜਥਾ'' ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾਂ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.org

# " ਜਾਗਨ ਨੀਕਾ "

(ਸ: ਰਜਿੰਦਰ ਸਿੰਘ ਜੀ, ਸਨਫਰਾਂਸਿਸਕੋ, ਅਮਰੀਕਾ)

'ਜਾਗਨ' ਦੇ ਕਈ ਭਾਵ ਹਨ, ਜਿਵੇਂ ਸੌਣ ਤੋਂ ਬਾਅਦ ਜਾਗਣਾ, ਸਾਵਧਾਨ ਹੋਣਾ, ਸੁਚੇਤ ਹੋਣਾ, ਅਗਿਆਨਤਾ ਦੀ ਨੀਂਦ ਤੋਂ ਜਾਗਣਾ, ਪ੍ਰਮਾਤਮ ਦੀ ਯਾਦ ਵਿਚ ਜਾਗਣਾ।

ਦਿਨ੍ਹ ਦੇ ਕੰਮ-ਧੰਦਿਆਂ ਤੋਂ ਵਿਹਲੇ ਹੋ ਕੇ ਰਾਤ ਨੂੰ ਖਾਣਾ ਖਾ ਕੇ ਲੋਕੀਂ ਸੌਂ ਜਾਂਦੇ ਹਨ ਅਤੇ ਦਿਨ ਚੜ੍ਹਨਸਾਰ ਜਾਗ ਪੈਂਦੇ ਹਨ ਅਤੇ ਆਪੋ ਆਪਣੀ ਕਿਰਤ-ਵਿਰਤ ਵਿਚ ਲੱਗ ਜਾਂਦੇ ਹਨ।

ਪਿੰਡ ਵਿਚ ਅੱਧੀ ਰਾਤ ਨੂੰ ਚੌਂਕੀਦਾਰ ਉੱਚੀ ਅਵਾਜ਼ ਵਿਚ ਕਹਿੰਦਾ ਹੈ, "ਸਰਦਾਰੋ! ਜਾਗਦੇ ਰਹਿਣਾ". ਇੰਜ ਉਹ ਲੋਕਾਂ ਨੂੰ ਚੋਰਾਂ-ਉਚੱਕਿਆਂ ਤੋਂ ਸਾਵਧਾਨ ਕਰਦਾ ਹੈ।

ਬਾਹਰਲੇ ਦੇਸਾਂ ਵਿਚ ਆ ਕੇ ਅਸਾਂ ਆਪਣੀ ਬੋਲੀ, ਸਭਿਆਚਾਰ ਅਤੇ ਧਰਮ ਦਾ ਖ਼ਿਆਲ ਰੱਖਣਾ ਹੈ, ਸੁਚੇਤ ਹੋ ਕੇ ਰਹਿਣਾ ਹੈ, ਆਪਣਾ ਧੁਰਾ ਨਹੀਂ ਛੱਡਣਾ, ਕੰਵਲ-ਫੁਲ ਦੀ ਤਰ੍ਹਾਂ ਨਿਰਲੇਪ ਰਹਿਣਾ ਹੈ।

ਅਗਿਆਨੀ ਮਨੁੱਖ ਸੰਸਾਰ-ਰੂਪੀ ਰੱਸੇ ਨੂੰ ਸੱਪ ਸਮਝ ਲੈਂਦਾ ਹੈ, ਦੁਨੀਆ ਨੂੰ ਸੱਚ ਅਤੇ ਰੱਬ ਨੂੰ ਝੂਠ ਮੰਨਦਾ ਹੈ। ਜਦੋਂ ਉਹ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ ਤਾਂ 'ਗੁਰੂ' ਗਿਆਨ ਦੀ ਤਲਵਾਰ ਨਾਲ ਉਸ ਦੇ ਭਰਮ ਦੇ ਛੋੜ ਕੱਟ ਦਿੰਦਾ ਹੈ ਅਤੇ ਉਸ ਨੂੰ ਅਹਿਸਾਸ ਕਰਾ ਦਿੰਦਾ ਹੈ ਕਿ ਜਗਤ ਸੱਪ ਨਹੀਂ, ਰੱਸਾ ਹੈ; ਇਹ ਸੱਚ ਨਹੀਂ, ਝੂਠ ਹੈ। ਸੱਚ ਤਾਂ ਪ੍ਰਮਾਤਮਾ ਹੈ—

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਜਪੁਜੀ ਸਾਹਿਬ)

ਗੁਰੂ ਆਪਣੇ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ-ਪਿਆਰਿਆਂ ਦੇ ਰਾਹੀਂ ਅੰਮ੍ਰਿਤ ਦੀ ਦਾਤਿ ਬਖਸ਼ਦਾ ਹੈ, ਉਹ ਨਾਮ ਜਪਦਾ ਹੈ ਅਤੇ ਜਾਗ ਪੈਂਦਾ ਹੈ। ਇਉਂ ਉਹ ਪ੍ਰਮਾਤਮਾ ਦੀ ਯਾਦ ਵਿਚ ਜਾਗਦਾ ਹੈ। ਉਹ ਹਰੀ ਦੇ ਕੀਰਤਨ ਵਿਚ ਜਾਗਦਾ ਹੈ :—

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥੫॥ (ਮਾਰੂ ਮਹਲਾ ੫, ਪੰਨਾ ੧੦੧੮)

ਉਹ ਰੈਣ-ਸਬਾਈ-ਕੀਰਤਨ ਵਿਚ ਜਾਗਦਾ ਹੈ। ਉਹ ਦਿਨ ਰਾਤ ਸਿਮਰਨ ਕਰਦਾ ਹੈ, ਨਾਮ ਅਭਿਆਸ ਕਰਦਾ ਹੈ, ਕੰਮ ਕਰਦਾ ਹੈ, ਪਰ ਸੁਰਤ ਮਾਲਕ ਦੇ ਚਰਨਾਂ ਵਿਚ ਜੋੜਦਾ ਹੈ। ਗੁਰਮੁਖ ਦਿਨ ਰਾਤ ਜਾਗਦਾ ਹੈ—

ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥੪॥

(ਮਾਰੂ ਸੋਲਹੇ ਮ: ੧, ਪੰਨਾ ੧੦੨੪)

ਉਹ ਦਿਨੇ ਅਤੇ ਰਾਤੀਂ ਪ੍ਰਮਾਤਮਾ ਦੀ ਜਾਗਦੀ ਜੋਤਿ ਦਾ ਜਾਪ ਕਰਦਾ ਹੈ :—

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥੧॥ (ਪਾ: ੧੦, ਤੇਤੀ ਸਵੱਯੇ)

ਜਾਗਦੀ ਜੋਤ ਉਸਦੇ ਹਿਰਦੇ ਵਿਚ ਪ੍ਰਗਟ ਹੋ ਜਾਂਦੀ ਹੈ ਅਤੇ ਉਹ ਖਾਲਸਾ ਬਣ ਜਾਂਦਾ ਹੈ :—

ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ ॥੧॥ (ਪਾ: ੧੦, ਤੇਤੀ ਸਵੱਯੇ)

ਖਾਲਸਾ ਜੰਗ ਦੇ ਮੈਦਾਨ ਵਿਚ ਜੂਝਦਾ ਹੋਇਆ, ਵੈਰੀ-ਦਲ ਦੇ ਟੋਟੇ ਕਰਦਾ ਹੋਇਆ ਵੀ ਜਾਗਦਾ ਹੈ। ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਅਤੇ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਸਾਹਿਬ ਮੈਦਾਨਿ-ਜੰਗ ਵਿਚ ਸ਼ਸਤਰ ਦੇ ਨਾਲ ਵੈਰੀ ਦਾ ਕਲਿਆਣ ਕਰਦੇ ਹੋਏ ਅੰਮ੍ਰਿਤ ਵੇਲੇ ਅਤੇ ਰਾਤ ਦੇ ਵਕਤ ਦੀਵਾਨ ਸਜਾਂਦੇ ਰਹੇ। ਅਕਾਲ ਪੁਰਖ ਦੀ ਫ਼ੌਜ—ਖਾਲਸੇ ਦੇ ਇਕ ਹੱਥ ਵਿਚ ਸ਼ਸਤਰ ਅਤੇ ਦੂਜੇ ਹੱਥ ਵਿਚ ਸਿਮਰਨਾ ਹੁੰਦਾ ਹੈ। ਖਾਲਸਾ ਦੁਸ਼ਟਾਂ ਸੰਗ ਜੂਝਦਾ ਹੋਇਆ ਵੀ ਨਾਮ ਜਪਦਾ ਹੈ। ਉਸਦੇ ਹੱਥੋਂ ਮਰਨ ਵਾਲੇ ਦੀ ਉੱਚੀ ਗਤੀ ਹੁੰਦੀ ਹੈ।

(ਬਾਕੀ ਦੇਖੋ ਸਫ਼ਾ ੧੩ ਦੇ ਹੇਠ)


www.AKJ.org

# ਗੁਰੂ ਤੇਗ ਬਹਾਦਰ ਜੀ ਜੀਵਨ, ਬਾਣੀ ਤੇ ਸ਼ਹਾਦਤ

[ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ, ਮੈਂਬਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

(੧)

ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਬਾਣੀ ਤੇ ਸ਼ਹਾਦਤ ਦਾ ਰੰਗ ਤੇ ਮਹੱਤਵ ਬੜਾ ਵਿਲੱਖਣ ਹੈ। ਮੂਲ ਰੂਪ ਵਿਚ ਉਹ ਗੁਰੂ ਨਾਨਕ-ਪ੍ਰੰਪਰਾ ਤੇ ਰਾਜ ਦੇ ਨੌਵੇਂ ਗੁਰੂ-ਵਾਰਿਸ ਹਨ, ਪਰ ਉਹਨਾਂ ਦਾ 'ਜੀਵਨ' ਤਿਆਗ, ਗਿਆਨ, ਨਿਡਰਤਾ ਤੇ ਸਹਿਜ ਨਾਲ ਸ਼ਿੰਗਾਰਿਆ ਹੋਇਆ ਹੈ। ਸਿੱਖ ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ 'ਤਿਆਗ ਮਲ' ਕਰਕੇ ਹੀ ਪ੍ਰਸਿੱਧ ਹੈ। ਬਚਪਣ ਤੋਂ ਸ਼ਹਾਦਤ ਤਕ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚ 'ਪਕੜ' ਦੀ ਕੋਈ ਹੋਂਦ ਜਾਂ ਥਾਂ ਨਹੀਂ। ਜੀਵਨ ਵਿਚ 'ਪਕੜ' ਹਉਮੈ-ਅਗਿਆਨ ਦੀ ਵੀ ਹੁੰਦੀ ਹੈ, ਪਦਾਰਥਾਂ ਤੇ ਮੋਹ-ਮਾਇਆ ਦੀ ਵੀ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਦਾ ਸਮੁੱਚਾ ਜੀਵਨ ਜਿਥੇ ਪਕੜ ਤੋਂ ਮੁਕਤ ਸੀ, ਉਥੇ ਇੰਨਾ ਬੇਪਰਵਾਹ, ਮਾਨਵ-ਹਮਦਰਦੀ ਨਾਲ ਭਿੱਜਾ ਤੇ ਸਿਰਜਨਾਤਮਿਕ ਸੀ, ਕਿ ਉਹ ਧਰਤੀ ਦੇ ਹਰ ਮਨੁੱਖ ਦੀ ਮਾਨਸਿਕਤਾ ਨੂੰ ਜਾਗ੍ਰਿਤ, ਬੰਧਨ-ਹੀਣ, ਰਸਿਕ ਤੇ ਬੱਲ ਸੇਤੀ ਕ੍ਰਿਆ ਵਿਚ ਵੇਖਣਾ ਚਹੁੰਦੇ ਸਨ। ਗੁਰੂ-ਪ੍ਰੰਪਰਾ ਦਾ ਦ੍ਰਿੜ੍ਹ ਵਿਸ਼ਵਾਸ ਵੀ ਇਹ ਹੈ, ਕਿ ਪਕੜ ਦੀ ਸੀਮਾ ਵਿਚ ਆਈ ਹਰ ਵਸਤੂ ਝੂਠੀ, ਨਾਸ਼ਮਾਨ ਤੇ ਸੁਪਨੇ ਨਿਆਈਂ ਹੈ। ਗੁਰੂ ਤੇਗ ਬਹਾਦਰ ਜੀ ਜਦੋਂ ਸੰਸਾਰ-ਮਾਰਗ ਨੂੰ ਥਿਰ ਨਹੀਂ ਮੰਨਦੇ, ਪੂਤ, ਮੀਤ, ਮਾਇਆ ਤੇ ਮਮਤਾ ਦੇ ਬੰਧਨ ਨੂੰ 'ਮ੍ਰਿਗ ਤ੍ਰਿਸਨਾ ਜਿਉ ਝੂਠੋ' ਆਖਦੇ ਹਨ, ਧਨ-ਪਦਾਰਥਾਂ ਦੀ ਪ੍ਰਾਪਤੀ ਲਈ 'ਦਸਹੂ ਦਿਸ ਧਾਵਤ' ਤੇ 'ਲੋਭ ਗ੍ਰਸਿਓ' ਦੀ ਬਿਰਤੀ ਨੂੰ ਬਿਰਥਾ ਕਹਿ ਕੇ ਰੱਦਦੇ ਹਨ, ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ, ਕਿ ਉਹਨਾਂ ਦੇ ਜੀਵਨ ਵਿਚ ਅੰਦਰੋਂ ਬਾਹਰੋਂ ਪ੍ਰਥਮਤਾ 'ਤਿਆਗ' ਦੀ ਹੈ, ਪਕੜ ਜਾਂ ਕਬਜ਼ੇ ਦੀ ਨਹੀਂ। ਸਾਖੀ ਹੈ ਕਿ ਗੁਰੂ ਤੇਗ ਬਹਾਦਰ ਜੀ ਹਾਲਾਂ ਪੰਜ ਸਾਲ ਦੇ ਸਨ। ਗੁਰੂ-ਸਪੁੱਤਰ ਹੋਣ ਕਰਕੇ ਉਹਨਾਂ ਨੇ ਬੜੀ ਸਵੱਛ ਤੇ ਕੀਮਤੀ ਪੋਸ਼ਾਕ ਪਾਈ ਹੋਈ ਸੀ। ਆਪਣੇ ਹਾਣ ਦਾ ਹੀ ਇਕ 'ਬਾਰਿਕ' ਦਿਸ ਪਿਆ, ਜਿਸ ਦਾ ਤਨ ਬਿਲਕੁਲ ਨੰਗਾ ਸੀ। ਸਾਖੀਕਾਰ ਕਹਿੰਦਾ ਹੈ ਕਿ (ਗੁਰੂ) ਤੇਗ ਬਹਾਦਰ-ਪਾਤਿਸ਼ਾਹ ਇਸ ਬਾਰਿਕ ਦਾ ਨੰਗੇਜ ਸਹਿ ਨਾ ਸਕੇ, ਉਨ੍ਹਾਂ ਆਪਣੇ ਕਪੜੇ ਉਤਾਰ ਕੇ ਉਸ ਬੱਚੇ ਨੂੰ ਦੇ ਦਿਤੇ, ਤੇ ਪਿਤਾ ਗੁਰੂ ਹਰਿਗੋਬਿੰਦ ਜੀ ਕੋਲ ਜਾ ਕੇ ਨੰਗੇਜ ਢੱਕਣ ਲਈ ਤੇ ਕੀਤੇ ਤਿਆਗ ਦੀ ਅਥਾਹ ਖ਼ੁਸ਼ੀ ਮਨਾਈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਸ਼ਹਾਦਤ ਵਿਚੋਂ ਵੀ ਇਹ 'ਆਪਾ-ਤਿਆਗ' ਦੀ ਭਾਵਨਾ, ਕੇਂਦਰ-ਬਿੰਦੂ ਬਣ ਕੇ, ਪ੍ਰਚੰਡ ਰੂਪ ਵਿਚ ਉਜਾਗਰ ਹੁੰਦੀ ਹੈ।

(੨)

(ਗੁਰੂ) ਤੇਗ ਬਹਾਦਰ ਜੀ ਦਾ ਜਨਮ ੧ ਅਪ੍ਰੈਲ ੧੬੨੧ ਈਸਵੀ ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ, ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹ, ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ ਸੀ। ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਰਉਪਕਾਰੀ ਤੇ ਯੋਧਾ-ਸ਼ਖਸੀਅਤ ਨੇ 'ਤਿਆਗ ਮਲ' ਦੀ ਪ੍ਰਤਿੱਭਾ ਨੂੰ 'ਤੇਗ ਬਹਾਦਰ' ਦੇ ਰੂਪ ਵਿਚ ਢਾਲਣ ਲਈ ਜੋ ਯੋਗਦਾਨ ਪਾਇਆ ਹੈ, ਉਸ ਦਾ ਆਪਣਾ ਇਤਿਹਾਸਕ ਗੌਰਵ ਹੈ; ਪਰ ਕਰਤਾਰਪੁਰ ਦੀ ਜੰਗ ਵਿਚ ੧੩ ਸਾਲ ਦੀ ਉਮਰ ਵਿਚ 'ਤਿਆਗ ਮਲ' ਨੇ ਜਿਸ ਬਹਾਦਰੀ ਨਾਲ 'ਤੇਗ' ਵਾਹੀ, ਉਸ ਦਾ ਫੱਲ ਹੀ ਸੀ, ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਸਪੁੱਤਰ 'ਤਿਆਗ ਮਲ' ਨੂੰ 'ਤੇਗ ਬਹਾਦਰ' ਦਾ ਵਰਦਾਨ ਦੇ ਕੇ ਅਗੋਂ ਤੇਗ ਬਹਾਦਰ ਜੀ ਦੇ ਨਾਮ ਨਾਲ ਹੀ ਬੁਲਾਉਣਾ ਸ਼ੁਰੂ ਕਰ ਦਿੱਤਾ। (ਗੁਰੂ) ਤੇਗ ਬਹਾਦਰ ਜੀ ਦੀ ਧਰਮ-ਸਾਧਨਾ, ਭਗਤੀ-ਭਾਵਨਾ ਤੇ ਗੁਰੂ-ਸ਼ਰਨ ਵਿਚ ਰਹਿਣ ਦੀ ਬਿਰਤੀ ਵੀ ਪ੍ਰਚੰਡ ਸੀ। ੧੬੪੪ ਈਸਵੀ ਨੂੰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤਿ ਸਮਾ ਗਏ ਤਾਂ (ਗੁਰੂ) ਤੇਗ ਬਹਾਦਰ ਜੀ ਸ੍ਰੀ ਅੰਮ੍ਰਿਤਸਰ ਛੱਡ ਮਾਤਾ ਨਾਨਕੀ ਜੀ ਤੇ ਸੁਪਤਨੀ ਗੁਜਰੀ ਜੀ ਸਮੇਤ ਬਾਬਾ ਬਕਾਲੇ ਆ ਗਏ। ਬਾਬਾ ਬਕਾਲੇ ਵਿਖੇ (ਗੁਰੂ) ਤੇਗ ਬਹਾਦਰ ਜੀ ਨੇ ਲਗਾਤਾਰ ੨੦ ਸਾਲ ਇਕਾਗਰ-ਚਿਤ ਤੇ ਸਮਾਧੀ-ਸਥਿਤ ਹੋ ਕੇ ਜੋ ਪ੍ਰਭੂ-ਭਗਤੀ ਤੇ


www.AKJ.Org

ਧਰਮ-ਸਾਧਨਾ ਕੀਤੀ, ਉਸ ਦਾ ਸਿੱਟਾ ਹੀ ਸੀ, ਕਿ (ਗੁਰੂ) ਤੇਗ ਬਹਾਦਰ ਜੀ 'ਗੁਰੂ-ਸਰੂਪ' ਵਿਚ ਪ੍ਰਵਾਣਿਤ ਨਾ ਹੋਣ ਦੇ ਬਾਵਜੂਦ ਵੀ ਅੰਦਰੋਂ ਬਾਹਰੋਂ 'ਗੁਰੂ-ਜੋਤਿ ਤੇ ਜੁਗਤਿ' ਨਾਲ ਜੁੜੇ ਰਹੇ। ੧੬੬੪ ਈਸਵੀ ਵਿਚ ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਚ ਜੋਤੀ ਜੋਤਿ ਸਮਾਉਣ ਵੇਲੇ 'ਬਾਬਾ' ਬਕਾਲੇ ਕਹਿ ਕੇ, ਨੌਵੀਂ ਗੁਰੂ-ਜੋਤਿ ਦਾ ਸੰਕੇਤ ਕੀਤਾ, ਤਾਂ ਭਾਵੇਂ ਵਿਰੋਧੀਆਂ ਵਲੋਂ ੨੨ ਗੁਰੂ-ਮੰਜੀਆਂ ਵਿਛਾ ਦਿਤੀਆਂ ਗਈਆਂ, ਪਰ ਭਾਈ ਮੱਖਣ ਸ਼ਾਹ ਨੇ 'ਤੇਗ ਬਹਾਦਰ' ਜੀ ਨੂੰ 'ਗੁਰੂ ਲਾਧੋ ਰੇ' ਦੇ ਰੂਪ ਵਿਚ ਪ੍ਰਗਟ ਕਰ ਕੇ ਸਮੁੱਚੇ ਸਿੱਖ-ਜਗਤ ਨੂੰ ਸਪਸ਼ਟ ਕਰ ਦਿੱਤਾ, ਕਿ ਗੁਰੂ ਨਾਨਕ-ਪ੍ਰੰਪਰਾ ਤੇ ਰਾਜ ਸਿੰਘਾਸਣ ਦੇ ਨੌਵੇਂ ਗੁਰੂ-ਵਾਰਿਸ ਕੇਵਲ ਗੁਰੂ ਤੇਗ ਬਹਾਦਰ ਜੀ ਹਨ, ਹੋਰ ਕੋਈ ਧੀਰ-ਮਲੀਆ, ਰਾਮ-ਰਾਈਆ, ਮੀਣਾ ਜਾਂ ਸੋਢੀ ਨਹੀਂ। ੧੬੬੪ ਈਸਵੀ ਵਿਚ ਹੀ ਗੁਰੂ ਤੇਗ ਬਹਾਦਰ ਜੀ ਨੇ ਗੁਰ-ਗੱਦੀ ਉਤੇ ਬਿਰਾਜਮਾਨ ਹੋ ਕੇ, ਸਿੱਖ ਲਹਿਰ ਦੀ ਸੰਭਾਲ ਤੇ ਭਾਰਤੀਆਂ ਦੀ ਮਾਨਸਿਕ, ਧਾਰਮਿਕ, ਸਮਾਜਕ ਤੇ ਰਾਜਨੀਤਕ ਦਸ਼ਾ ਨੂੰ ਵੇਖਣ ਤੇ ਵਾਚਣ ਲਈ, ਤੇ ਖ਼ਾਸ ਕਰਕੇ ਅਧਿਆਤਮਿਕ ਜਾਗ੍ਰਿਤੀ ਪ੍ਰਦਾਨ ਕਰਨ ਲਈ, ਪਹਿਲਾਂ ਪੰਜਾਬ ਦਾ, ਫਿਰ ਉੱਤਰੀ ਭਾਰਤ ਦੇ ਅਨੇਕ ਮਹੱਤਵਪੂਰਨ ਸ਼ਹਿਰਾਂ ਦਾ ਤੇ ਅਖੀਰ ਆਸਾਮ ਤਕ ਪ੍ਰਚਾਰ-ਸਫ਼ਰ ਕੀਤਾ।

(੩)

ਭਾਰਤੀਆਂ ਦੀ ਨਿਰਾਦਰਤਾ ਨਾਲ ਭਰੀ ਜੋ ਮਾਨਸਿਕ ਦਸ਼ਾ ਗੁਰੂ ਤੇਗ ਬਹਾਦਰ ਜੀ ਨੇ ਵੇਖੀ, ਉਸ ਦਾ ਬੜੀ ਖ਼ੂਬਸੂਰਤੀ ਤੇ ਮਨੋਵਿਗਿਆਨਕ ਵਿਧੀ ਨਾਲ ਉਹਨਾਂ ਨੇ ਆਪਣੀ ਬਾਣੀ ਵਿਚ ਚਿਤਰ ਉਲੀਕਿਆ ਹੈ :–

ਸੁਖ ਕੇ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥੨੩੩॥

(ਆਸਾ ਮਹਲਾ ੯, ਪੰਨਾ ੪੧੧)

ਭਾਰਤੀਆਂ ਦੀ ਧਾਰਮਿਕ ਤੇ ਸਮਾਜਕ ਦਸ਼ਾ ਤਾਂ ਉਹਨਾਂ ਨੂੰ ਮੋਹ-ਮਾਇਆ ਤੇ ਲੋਭ-ਲਾਲਚ ਨਾਲ ਲਿਬੜੀ, ਗਿਰਾਵਟ ਤੇ ਪਾਖੰਡ ਨਾਲ ਭਰੀ ਹੋਈ ਦਿਸਦੀ ਹੈ :–

(੧) ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥ (ਸਲੋਕ ਮਹਲਾ ੯)

(੨) ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ਰਹਾਉ॥

(ਜੈਤਸਰੀ ਮਹਲਾ ੯, ਪੰਨਾ ੭੦੨)

ਰਾਜਨੀਤਕ ਪ੍ਰਾਧੀਨਤਾ ਪ੍ਰਤੀ ਵੀ ਗੁਰੂ ਤੇਗ ਬਾਹਦਰ ਜੀ ਦੀ ਸਪਸ਼ਟ ਰਾਏ ਸੀ, ਕਿ ਭਾਰਤੀ ਬੰਧਨਾਂ ਵਿਚ ਪੈ ਜਾਣ ਕਾਰਨ ਬੱਲ-ਹੀਣ ਹੋ ਗਏ ਹਨ ਤੇ ਬੱਲ-ਹੀਣ ਹੋ ਜਾਣ ਕਾਰਨ ਹੀ ਨਾ ਮਾਨਸਿਕ ਆਜ਼ਾਦੀ ਰਹੀ ਹੈ, ਨਾ ਧਾਰਮਿਕ ਦ੍ਰਿੜ੍ਹਤਾ, ਨਾ ਸਮਾਜਕ ਨਿਡਰਤਾ ਤੇ ਨਾ ਹੀ ਰਾਜਨੀਤਕ ਪ੍ਰਬੁੱਧਤਾ। ਗੁਰੂ ਤੇਗ ਬਹਾਦਰ ਜੀ ਜਿਥੇ ਵੀ ਗਏ, ਜਿਸ ਨੂੰ ਵੀ ਮਿਲੇ, ਜੀਵਨ ਦੀ ਸਮੁੱਚੀ ਕ੍ਰਿਆ ਵਿਚ ਜਾਗ੍ਰਿਤੀ ਤੇ ਬੱਲ ਪੈਦਾ ਕਰਨ ਵਾਸਤੇ ਉਹਨਾਂ ਆਖਿਆ, ਕਿ ਪ੍ਰਭੂ-ਜਸ ਨੂੰ ਗਾਉ ਤੇ ਪ੍ਰਭੂ-ਸ਼ਰਨ ਵਿਚ ਆਉ। ਕਿਉਂਕਿ ਪ੍ਰਭੂ-ਜਸ ਦੀ ਸਿਮਰਤੀ ਨਾਲ ਦੈਵੀ ਕੀਮਤਾਂ ਦੀ ਉੱਚਤਾ ਉਜਾਗਰ ਹੁੰਦੀ ਹੈ ਤੇ ਪ੍ਰਭੂ-ਸ਼ਰਨ ਨਾਲ ਪ੍ਰਭੂ ਹਰ ਤਰ੍ਹਾਂ ਸਹਾਇਕ ਹੁੰਦਾ ਹੈ :–

(੧) ਕਹੁ ਨਾਨਕ ਬਿਨੁ ਹਰਿ ਭਜਨ ਜੀਵਨੁ ਕਉਨੇ ਕਾਮ ॥੩੦॥
(੨) ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ ॥੫੩॥ (ਸਲੋਕ ਮਹਲਾ ੯)

(੪)

ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਦੀ ਪ੍ਰਥਮ ਤੇ ਪ੍ਰਮੁੱਖ ਸੁਰ ਵੀ ਇਹੀ ਹੈ ਕਿ ਮਾਨਸਿਕ ਤੌਰ ਤੇ ਜਾਗੋ। ਪ੍ਰਭੂ-ਜਸ ਕਰਨ ਜਾਂ ਪ੍ਰਭੂ-ਸ਼ਰਨ ਵਿਚ ਆ ਜਾਣ ਨਾਲ ਹੀ ਭਾਰਤੀ ਮਨ ਜਾਗ ਸਕਦਾ ਸੀ। ਗੁਰੂ ਤੇਗ


www.AKJ.org

ਬਹਾਦਰ ਜੀ ਨੇ ਭਾਰਤੀ ਮਨ ਨੂੰ ਅਧਿਆਤਮਿਕ ਦ੍ਰਿਸ਼ਟੀ ਤੋਂ ਜਗਾ ਕੇ, ਮਿਥਿਆ-ਵਸਤਾਂ ਦੀ ਝੂਠੀ ਪ੍ਰੀਤ ਨਾਲ ਜੁੜੇ ਸੰਬੰਧਾਂ ਨੂੰ ਤੁੜਵਾ ਕੇ, ਸਮਾਜਕ ਤੇ ਰਾਜਨੀਤਕ ਸੱਤਾ ਉਤੇ, ਇਕ ਅਜਿਹਾ ਸਿਰਜਨਾਤਮਿਕ, ਮਾਨਵ-ਹਿੱਤਕਾਰੀ ਤੇ ਸੁਤੰਤਰ ਜਜ਼ਬਾ ਪ੍ਰਦਾਨ ਕੀਤਾ ਕਿ ਭਾਰਤੀ ਮਨ ਤੇ ਮਨੁੱਖ ਸਹਿਜੇ ਹੀ ਰਾਜਸੀ ਡਰਾਵਿਆਂ ਨੂੰ ਤੁੱਛ ਸਮਝਣ ਲੱਗ ਪਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਗੁਰੂ ਤੇਗ ਬਹਾਦਰ ਜੀ ਦੇ ੧੫ ਰਾਗਾਂ ਵਿਚ ੫੯ ਪਦਿਆਂ ਤੇ ੫੭ ਸਲੋਕਾਂ ਦੀ ਕੇਂਦਰੀ ਪ੍ਰੇਰਨਾ ਵੀ ਨਿਰਭੈ ਜਾਂ ਭੈ-ਮੁਕਤ ਮਨੁੱਖ ਦੀ ਸਿਰਜਨਾ ਕਰਨੀ ਹੀ ਹੈ :—

(੧) ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥੧੬॥ (ਸਲੋਕ ਮਹਲਾ ੯)

(੨) ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮਹਿ ਤੁਮ ਹੀ ਹੋਤ ਸਹਾਇ ॥੫੪॥ (ਸਲੋਕ ਮਹਲਾ ੯)

ਨਾ ਭੈ ਦੇਣਾ ਤੇ ਨਾ ਭੈ ਲੈਣਾ, ਜੇ ਬੱਲ ਹੈ ਤਾਂ ਬੰਧਨ ਛੁਟ ਸਕਦੇ ਹਨ, ਇਹ ਜੋ ਗੈਰਤ ਭਰੇ ਐਲਾਨ ਗੁਰੂ ਤੇਗ ਬਹਾਦਰ ਜੀ ਨੇ ਕੀਤੇ, ਇਹਨਾਂ ਐਲਾਨਾਂ ਦਾ ਰਾਜਸੀ ਰੰਗ ਗੁਰਬਾਣੀ ਵਿਚ ਵਿਲੱਖਣ ਤੇ ਵਖਰੀ ਤਰ੍ਹਾਂ ਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਬੋਲੀ, ਸ਼ੈਲੀ ਤੇ ਸੰਗੀਤ ਪੱਧਤੀ ਵੀ ਹਿੰਦੀ ਤੇ ਹਿੰਦੁਸਤਾਨੀ ਪ੍ਰੰਪਰਾ ਨਾਲ ਜੁੜੀ ਹੋਈ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਪੰਜਾਬੀ ਤੇ ਫ਼ਾਰਸੀ ਨਾਮ ਮਾਤਰ ਹੀ ਹੈ। ਗੁਰੂ-ਸੰਗੀਤ ਵਿਚ 'ਜੈਜਾਵੰਤੀ' ਰਾਗ ਗੁਰੂ ਤੇਗ ਬਹਾਦਰ ਜੀ ਦੀ ਦੇਣ ਹੈ। ਧਰੂ, ਪੰਚਾਲੀ, ਗਜ, ਅਜਾਮਲ ਤੇ ਗਨਿਕਾ ਦੇ ਪੁਰਾਣਕ ਸੰਕੇਤਾਂ ਦੀ ਵਰਤੋਂ ਨਾਲ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਪਹੁੰਚ ਤੇ ਮਾਨਤਾ ਸਿੱਧੀ ਭਾਰਤੀਆਂ ਤਕ ਹੋ ਜਾਂਦੀ ਹੈ। ਭਾਰਤੀਆਂ ਦੇ ਸੋਗੀ ਮੰਡਲ ਨੂੰ ਢਿੱਲਾ ਕਰਨ ਵਿਚ, ਖ਼ਾਸ ਕਰ ਕੇ ਭਾਰਤੀਆਂ ਨੂੰ ਜੀਵਨ-ਮੁਕਤ, ਗਿਆਨੀ, ਨਿਰਬਾਣ ਪੱਦ ਦਾ ਅਧਿਕਾਰੀ ਤੇ ਗੁਰਮੁਖਿ ਸਿਰਜਨ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਦੁੱਤੀ ਯੋਗਦਾਨ ਹੈ।

(੫)

ਪ੍ਰਭੂ-ਸਿਮਰਤੀ ਤੇ ਪ੍ਰਭੂ-ਕਿਰਪਾ ਕਾਰਨ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਨਾਲ ਸ਼ਿੰਗਾਰਿਆ ਜੋ 'ਗ਼ੈਰਤਮੰਦ ਜੀਵਨ' ਗੁਰੂ ਤੇਗ ਬਹਾਦਰ ਜੀ ਨੇ ਪਹਿਲਾਂ ਆਪ ਕਮਾਇਆ ਤੇ ਫਿਰ ਸਾਰੇ ਉੱਤਰੀ ਭਾਰਤ ਵਿਚ ਪ੍ਰਚਾਰਿਆ, ਔਰੰਗਜ਼ੇਬ ਤੇ ਉਸ ਦੀ ਹਕੂਮਤ ਉਸ ਤੋਂ ਸੁਚੇਤ ਸੀ। ਗੁਰੂ ਤੇਗ ਬਹਾਦਰ ਜੀ ਧਰਮ-ਆਜ਼ਾਦੀ ਦੇ ਜਜ਼ਬੇ ਨੂੰ ਪ੍ਰਚੰਡ ਕਰ ਰਹੇ ਸਨ ਤੇ ਔਰੰਗਜ਼ੇਬ ਧਰਮ-ਆਜ਼ਾਦੀ ਦੇ ਜਜ਼ਬੇ ਨੂੰ ਦਬਾਉਣ ਲਈ ਬਜ਼ਿੱਦ ਸੀ। ਜਦੋਂ ਔਰੰਗਜ਼ੇਬ ਨੇ ਤਿਲਕ ਜੰਞੂ ਵਾਲੇ ਹਿੰਦੂ ਧਰਮ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ, ਤਾਂ ਨਿਸਚੇ ਸੀ ਕਿ ਧਰਮ-ਆਜ਼ਾਦੀ ਦੇ ਆਸ਼ਕ ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬੀ ਐਲਾਨ ਨਾਲ ਟਕਰਾਂਦੇ। ਗੁਰੂ ਤੇਗ ਬਹਾਦਰ ਜੀ ਦਾ ਭਾਵੇਂ ਤਿਲਕ ਜੰਞੂ ਵਿਚ ਵਿਸ਼ਵਾਸ ਨਹੀਂ ਸੀ, ਪਰ ਧਰਮ ਦੀ ਆਜ਼ਾਦੀ ਲਈ ਸ਼ਹੀਦ ਹੋਣ ਤਕ ਤਿਆਰ ਹੋਣਾ, ਇਹ ਉਨ੍ਹਾਂ ਦਾ ਅਦੁੱਤੀ ਕਰਤੱਵ ਸੀ। ਖ਼ਾਸ ਕਰਕੇ ਆਪ ਦਾ ਅਨੰਦਪੁਰ ਤੋਂ ਚਲ ਕੇ ਦਿੱਲੀ ਸ਼ਾਹੀ ਦਰਬਾਰ ਵਿਚ ਹਾਜ਼ਰ ਹੋਣਾ, ਅਖ਼ੀਰ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਦੀ ਸ਼ਹਾਦਤ ਪਿਛੋਂ, ਆਪਣੀ ਸ਼ਹਾਦਤ ਦੇ ਕੇ, ਸਾਰੇ ਜਗਤ ਨੂੰ 'ਹੈ ਹੈ ਹੈ' ਦੇ ਭਾਵਾਂ ਨਾਲ ਹੈਰਾਨ ਕਰ ਦੇਣਾ ਤੇ ਸੁਰਲੋਕ ਵਿਚ 'ਜੈ ਜੈ ਜੈ' ਦੇ ਭਾਵਾਂ ਨਾਲ ਵਿਜੱਈ ਹੋਣਾ, ਨਿਸਚੇ ਹੀ ਗੁਰੂ-ਜੀਵਨ ਦੀ ਕ੍ਰਿਆ ਵਿਚ ਇਹ ਇਕ ਵੱਡੀ ਪ੍ਰਾਪਤੀ ਵੀ ਸੀ ਤੇ ਸ਼ਹੀਦਾਂ ਦੇ ਇਤਿਹਾਸ ਵਿਚ ਇਕ ਸਿਰਜਨਾਤਮਿਕ ਤੇ ਗੌਰਵਸ਼ਾਲੀ ਸ਼ਹੀਦੀ ਪ੍ਰੰਪਰਾ ਦਾ ਅਰੰਭ ਵੀ ਸੀ।

---


## ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ. ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ




www.AKJ.Org

## ਸ੍ਰੀ ਹਰਿਕ੍ਰਿਸ਼ਨ ਧਿਆਈਐ

# ਜਿਸ ਡਿਠੇ ਸਭਿ ਦੁਖ ਜਾਇ

[ਸ: ਧਿਆਨ ਸਿੰਘ ਜੀ, ਐਮ.-36 (W-Z-188) ਹਰੀ ਨਗਰ, ਦਿਲੀ-64]

**ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ ॥੨॥੧॥ (੮੩)**

ਗੁਰਦੁਆਰਾ ਬੰਗਲਾ ਸਾਹਿਬ ਵਿਖੇ ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਜੋ ਅਨੋਖੀ ਕਲਾ ਵਰਤਦੀ ਹੈ, ਉਸ ਦਾ ਪਰਤੱਖ ਸਬੂਤ ਇਹ ਅਲੌਕਿਕ ਕ੍ਰਿਸ਼ਮਾ ਹੈ, ਜੋ ਦਾਸ ਦੀ ਬੱਚੀ ਤੇ ਬਖਸ਼ਸ਼ ਰੂਪ ਵਿਚ ਵਰਤਿਆ ਹੈ। ਇਹ ਹੱਡੀਂ ਵਾਪਰੀ ਵਾਰਤਾ ਜ਼ਾਹਰਾ ਜ਼ਹੂਰ ਵਰਤਦੀ ਗੁਰੂ-ਕਲਾ ਨੂੰ ਪ੍ਰਗਟਾਉਣ ਲਈ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਹੈ ਜੀ।

੧੦ ਸਤੰਬਰ ੧੯੭੩ ਦੀ ਗੱਲ ਹੈ ਕਿ ਦਾਸ ਦੀ ੧੨ ਸਾਲ ਦੀ ਬੱਚੀ ਦਲਜੀਤ ਕੌਰ ਟਾਇਫਾਈਡ ਬੁਖ਼ਾਰ ਨਾਲ ਬਿਸਤਰੇ ਤੇ ਪੈ ਗਈ। ਜੀ.ਜੀ.ਐਚ. ਦੇ ਇਲਾਜ ਮਗਰੋਂ ਦੀਨ ਦਿਆਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਅਰਾਮ ਆਉਣ ਦੀ ਥਾਂ ਬੱਚੀ ਨੂੰ ਪੋਲੀਆ ਹੋ ਗਿਆ ਅਤੇ ਨਾਲ ਹੀ ਅੱਖਾਂ ਦੀ ਨਜ਼ਰ ਵੀ ਜਾਂਦੀ ਰਹੀ। ਅਸੀਂ ਬੱਚੀ ਨੂੰ ੪ ਅਕਤੂਬਰ ਨੂੰ ਘਰ ਲੈ ਆਏ ਅਤੇ ਫਿਰ ੫ ਅਕਤੂਬਰ ਨੂੰ ਵੈਲਡਿਨ ਹਸਪਤਾਲ ਲੈ ਗਏ, ਜਦ ਕਿ ਬੱਚੀ ਗੁ: ਬੰਗਲਾ ਸਾਹਿਬ ਜਾਣ ਲਈ ਬਾਰ ਬਾਰ ਕਹਿ ਰਹੀ ਸੀ। ਪਹਿਲੀ ਮੰਜ਼ਲ ਨੰਬਰ ੪ ਦੇ ੨੫ ਨੰਬਰ ਬੈੱਡ ਵਿਚ ਦਾਖਲ ਕਰ ਲਿਆ ਗਿਆ। ਉਨ੍ਹਾਂ ਦਿਨਾਂ ਵਿਚ ਦੁਸਹਿਰੇ ਦੀਆਂ ਛੁਟੀਆਂ ਹੋਣ ਕਰਕੇ ਹਸਪਤਾਲ ਤਿੰਨ ਦਿਨਾਂ ਲਈ ਬੰਦ ਸੀ ਅਤੇ ਮੁਖੀ ਡਾਕਟਰ ਛੁੱਟੀ ਤੇ ਸੀ। ਫੇਰ ਵੀ ਇਨਚਾਰਜ ਨੇ ਜਤਨ ਕਰ ਕੇ ਟੈਲੀਫੋਨ ਰਾਹੀਂ ਡਾਕਟਰ ਨੂੰ ਘਰੋਂ ਬੁਲਾਇਆ। ਹਫ਼ਤਾ ਭਰ ਪੂਰੇ ਜਤਨ ਕੀਤੇ ਗਏ, ਪਰ ਕੋਈ ਇਲਾਜ ਵੀ ਕਾਰਗਰ ਨਾ ਹੋਇਆ। ਭਾਵੇਂ ਤਕਲੀਫ਼ ਵਧਦੀ ਹੀ ਗਈ, ਪਰ ਦਿਲ ਬਾਕਾਇਦਾ ਕੰਮ ਕਰ ਰਿਹਾ ਸੀ ਅਤੇ ਬੋਲਣ-ਸ਼ਕਤੀ ਵੀ ਕਾਇਮ ਸੀ। ਬੱਚੀ ਮੁੜ-ਮੁੜ ਇਹੋ ਕਹਿ ਰਹੀ ਸੀ ਕਿ ਬੰਗਲਾ ਸਾਹਿਬ ਮੱਥਾ ਟੇਕਣਾ ਹੈ।

ਅਖ਼ੀਰ ਡਾਕਟਰਾਂ ਵਲੋਂ ਜਵਾਬ ਮਿਲ ਗਿਆ। ਸਾਰਾ ਸਰੀਰ ਸੁੰਨ ਹੋ ਗਿਆ ਸੀ ਤੇ ਲੱਤਾਂ ਪਤਲੀਆਂ ਜਿਹੀਆਂ, ਡੰਡੇ ਵਾਂਗ ਹੋ ਗਈਆਂ ਸਨ। ਦਾਸ ਨੇ ਡਾਕਟਰ ਸਾਹਿਬ ਨੂੰ ਬੇਨਤੀ ਕੀਤੀ ਕਿ ਬੱਚੀ ਦੀ ਇਕੋ ਆਖ਼ਰੀ ਆਸ ਬਾਕੀ ਹੈ ਕਿ ਉਹ ਬੰਗਲਾ ਸਾਹਿਬ ਮੱਥਾ ਟੇਕਣ ਨੂੰ ਜਾਣ ਲਈ ਕਹਿੰਦੀ ਹੈ। ਇਨਚਾਰਜ ਡਾਕਟਰ ਨਿਗਮ ਸਾਹਿਬ, ਜੋ ਹੁਣ ਹਾਰਟ ਸਪੈਸ਼ਲਿਸਟ ਹੈ, ਕਹਿਣ ਲਗਾ ਕਿ ਬੱਚੀ ਨੂੰ ਚੁਕਣ ਤੇ ਉਹ ਖ਼ਤਮ ਹੋ ਜਾਵੇਗੀ। ਇਸ ਤੋਂ ਪਹਿਲਾਂ ਆਪਣੇ ਨਾਲ ਦੇ ਜਥੇ ਦੇ ਮੁਖੀ ਕੀਰਤਨੀ ਵੀਰ ਤੇ ਹੋਰ ਪਿਆਰੇ ਸਜਣ ਬੱਚੀ ਦੀ ਤਰਸ ਯੋਗ ਹਾਲਤ ਦੇਖਣ ਆਏ ਅਤੇ ਉਨ੍ਹਾਂ ਨੇ ਬੱਚੀ ਲਈ ਅਰਦਾਸ ਕੀਤੀ।

ਖ਼ੈਰ ! ਡਾਕਟਰ ਸਾਹਿਬ ਨੇ ਮੈਨੂੰ ਆਪਣੀ ਜ਼ਿਮੇਵਾਰੀ ਤੇ ਲਿਖ ਕੇ ਦੇਣ ਤੇ, ਬੱਚੀ ਨੂੰ ਲੈ ਜਾਣ ਦੀ ਆਗਿਆ ਦੇ ਦਿਤੀ, ਕਿਉਂਕਿ ਬੱਚੀ ਨੇ ਦਵਾਈ ਖਾਣੀ ਵੀ ਬੰਦ ਕਰ ਦਿਤੀ ਸੀ ਅਤੇ ਉਸ ਨੇ ਇਕੋ ਰੱਟ ਲਾਈ ਹੋਈ ਸੀ ਕਿ ਮੈਨੂੰ ਬੰਗਲਾ ਸਾਹਿਬ ਲੈ ਜਾਓ। ਉਥੇ ਮੱਥਾ ਟਿਕਾਓਗੇ ਤਾਂ ਹੀ ਕੁਝ ਮੂੰਹ ਪਾਵਾਂਗੀ, ਨਹੀਂ ਤਾਂ ਮਰ ਜਾਵਾਂਗੀ।

ਦਾਸ ਬੰਗਲਾ ਸਾਹਿਬ ਦੇ ਅੰਮ੍ਰਿਤ ਅਤੇ ਸੁਖਾਸਨ ਹੋਣ ਸਮੇਂ ਚਰਨ-ਧੂੜ ਦਾ ਪ੍ਰਯੋਗ ਸ਼ੁਰੂ ਤੋਂ ਹੀ ਕਰਦਾ ਰਿਹਾ ਸੀ। ਦਾਸ ਨੇ ੯ ਅਕਤੂਬਰ ਦੀ ਰਾਤ ਨੂੰ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਬੱਚੀ ਲਈ ਸਵੇਰੇ ਅਰਦਾਸ ਕਰਨ। ਉਨ੍ਹਾਂ ਬੇਨਤੀ ਮੰਨ ਲਈ। ਦਾਸ ਰਾਤ ਉਥੇ ਹੀ ਬਿਰਾਜ ਗਿਆ ਅਤੇ ਅੰਮ੍ਰਿਤ ਵੇਲੇ ਢਾਈ ਵਜੇ ਪਹਿਲੀ ਅਰਦਾਸ ਸਮੇਂ ਬੱਚੀ ਲਈ ਵੀ ਸਿੰਘ ਸਾਹਿਬ ਨੇ ਜੋਦੜੀ ਕੀਤੀ। ਦਾਸ ਅਰਦਾਸ ਕਰਵਾ ਕੇ ਹਸਪਤਾਲ ਪੁਜਾ ਅਤੇ ਬੱਚੀ ਨੂੰ ਹੱਥਾਂ ਤੇ ਚੁਕ ਕੇ ਲਿਫ਼ਟ ਰਾਹੀਂ ਹੇਠਾਂ ਲੈ ਆਇਆ। ਟੈਕਸੀ ਕਰ ਕੇ ਬੰਗਲਾ ਸਾਹਿਬ ਪੁਜੇ। ਬੱਚੀ ਨੂੰ ਇਸ਼ਨਾਨ ਕਰਾ ਕੇ ਗੁਰਦਵਾਰਾ-ਹਾਲ ਵਿਚ ਪੁਜ ਕੇ ਸਤਿਗੁਰੂ ਦੇ ਚਰਨਾਂ ਵਿਚ ਮੱਥਾ ਟਿਕਾਇਆ। ਪਰਕਰਮਾਂ ਕਰ ਕੇ ਬਾਹਰ ਆ ਲਿਟਾਇਆ ਅਤੇ ਅੰਮ੍ਰਿਤ ਦੇ ਪੰਜ ਛੱਟੇ ਅੱਖਾਂ ਵਿਚ ਮਾਰੇ।

 [ਬਾਕੀ ਦੇਖੋ ਸਫ਼ਾ ੨੨ ਦੇ ਹੇਠ] 

www.AKJ.org

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

[ਸ: ਅਤਰ ਸਿੰਘ 'ਨੀਰ' H.P. ੧੧੦, ਪੀਤਮਪੁਰਾ, ਦਿਲੀ ੩੪]

ਲਾਲਚ ਤਮ੍ਹਾ ਤੇ ਖ਼ੁਦਗਰਜ਼ੀ ਦਾ ਇਕੋ ਹੈ ਨਿਸ਼ਾਨਾ।
ਸ਼ਰਮ ਹੱਯਾ ਨ ਰਿਸ਼ਤੇਦਾਰੀ, ਨ ਕੋਈ ਪਿਆਰ ਯਰਾਨਾ।
ਪਰਲੇ ਦਰਜੇ ਦੀ ਜ਼ਲਾਲਤ, ਨੰਗਿਆ ਹੋ ਕੇ ਨਚੇ।
ਲਾਜ ਲਗਨ ਨ ਰਹਿੰਦੀ, ਜਿਥੇ ਅੱਗ ਤਮ੍ਹਾ ਦੀ ਮਚੇ।
ਵਿਸਰ ਜਾਂਦੀ ਸਭ ਮਿਲੀ ਮੁਰੱਵਤ, ਭੁਲ ਜਾਂਦਾ ਸਭ ਖਾਧਾ।
ਸਦੀਆਂ ਦਾ ਵੀ ਚਾਕਰ ਬਣਦਾ ਲੂਣ ਹਰਾਮੀ ਡਾਢਾ।
ਗੰਗੂ ਬ੍ਰਾਹਮਣ ਗੁਰੂ ਘਰ ਦਾ, ਸੀ ਰਸੋਈਆ ਮੁਢ ਦਾ।
ਲਾਲਚ-ਜਾਲ ਦੀਆਂ ਤਿਖੀਆਂ ਚਮਕਾਂ, ਹੋਸ਼ ਭੁਲਾਇਆ ਕੁਢ ਦਾ।
ਸਰਸਾ ਦੇ ਕੰਢਿਆਂ ਤੇ ਵਿਛੜੇ, ਕਲਗ਼ੀਧਰ ਦੇ ਨੰਨ੍ਹੇ।
ਦਾਦੀ ਪੋਤੇ ਸਾਰ ਨ ਜਾਣਨ, ਪਰਵਾਰ ਗਿਆ ਕਿਸ ਵੰਨ੍ਹੇ।
ਆਇਆ ਘਰ ਲੈ ਗੰਗੂ ਖੇੜੀ, ਬਹੁਤਾ ਪਿਆਰ ਜਤਾ ਕੇ।
ਮਾਤਾ ਜੀ ਤੇ ਬੱਚਿਆਂ ਦੇ ਕਦਮਾਂ ਤੇ ਹੱਥ ਲਾ ਕੇ।
ਗੁਰੂ ਘਰ ਦੇ ਪਕੜਨ ਦੇ ਲਈ, ਸਨ ਐਲਾਨ ਉਚੇਰੇ।
ਸਰਹੰਦ ਦੇ ਸੂਬੇ ਰਖੇ ਹੋਏ ਕਈ ਇਨਾਮ ਘਨੇਰੇ।
ਆਉਂਦਿਆਂ ਹੀ ਗ੍ਰਿਫਤਾਰ ਕਰਵਾਇਆ, ਨੀਚ ਨੇ ਕਰਕੇ ਧੋਖਾ।
ਭੁਲ ਕੇ ਧਰਮ-ਫਰਜ਼ ਉਹ ਬਣਿਆ, ਮੁਗ਼ਲਾਂ ਦਾ ਹੱਥ-ਠੋਕਾ।

ਬੁਰਜ ਕਿਲ੍ਹੇ ਦੇ ਅੰਦਰ ਡਕੀ, ਪੋਤਰਿਆਂ ਦੇ ਸੰਗ ਦਾਦੀ।
ਨ ਕੋਈ ਰੋਕ ਨ ਬੰਨ ਬਨੇਰਾ, ਪੋਹ ਦੀ ਸਰਦੀ ਡਾਢੀ।
ਇਸ ਸਮੇਂ ਤੇ ਦਾਦੀ ਦਿਤੀਆਂ, ਪੋਤਿਆਂ ਨੂੰ ਅਸੀਸਾਂ।
ਮੂੰਹ ਜ਼ੁਲਮ ਦਾ ਭੰਨਣਾ ਬਚਿਓ, ਕਰ ਦਾਦੇ ਦੀਆਂ ਰੀਸਾਂ।
ਦੂਏ ਦਿਨ ਕਚਹਿਰੀ ਅੰਦਰ, ਸਦੇ ਗਏ ਸਹਿਜ਼ਾਦੇ।
ਪੇਸ਼ ਹੋਏ ਉਹ ਹਸਦੇ ਖਿੜਦੇ, ਪੱਕੇ ਨਾਲ ਇਰਾਦੇ।
ਆਉਂਦਿਆਂ ਹੀ ਬੱਚਿਆਂ ਛਡਿਆ, ਗੱਜ ਕੇ ਇਕ ਜੈਕਾਰਾ।
ਗਿਆ ਠਠੰਬਰ ਜਿਸ ਨੂੰ ਸੁਣ ਕੇ, ਕੁਲ ਦਰਬਾਰੀ ਸਾਰਾ।
ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਦੀ, ਤੱਕ ਕੇ ਸ਼ਕਲ ਨੂਰਾਨੀ।
ਨੀਵੀਆਂ ਧੌਣਾਂ ਕਰ ਕੇ ਬਹਿ ਗਏ, ਕਾਜ਼ੀ ਮੁਗਲ ਜੀਲਾਨੀ।
ਮਾਸੂਮਾਂ ਦੇ ਨੈਣ ਚਮਕਦੇ, ਤਾਰੇ ਜਿਵੇਂ ਅਕਾਸ਼ੀ।
ਚੇਹਰੇ ਫੁਲ ਗੁਲਾਬੀ ਜਾਪਣ, ਮੱਥੇ ਨਚਦੀ ਹਾਸੀ।
ਸੂਬਾ ਆਖੇ ਸੁਣੋ ਭਈ ਬਚਿਓ, ਤੁਸੀਂ ਹੋ ਅਜੇ ਕਚੇਰੇ।
ਸੱਤ ਤੇ ਨੌਂ ਸਾਲ ਉਮਰ ਤੁਹਾਡੀ, ਤਰਸ ਪਿਆ ਮਨ ਮੇਰੇ।
ਕੁਝ ਨਹੀਂ ਡਿਠਾ ਤੁਸਾਂ ਅਜੇ ਤਕ, ਇਸ ਧਰਤੀ ਤੇ ਆ ਕੇ।

## ਬਾਬਾ ਅਟੱਲ
## ਪਕੀਆਂ ਪਕਾਈਆਂ ਘਲ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਤੇ ਇਕ ਬੱਚੀ ਸੀ। ਸਭ ਤੋਂ ਛੋਟੇ ਸਾਹਿਬਜ਼ਾਦੇ (ਗੁਰੂ) ਤੇਗ ਬਹਾਦਰ ਸਾਹਿਬ ਤੋਂ ਵੱਡੇ ਬਾਬਾ ਅਟੱਲ ਰਾਇ ਜੀ ਸਨ, ਜਿਨ੍ਹਾਂ ਦਾ ਜਨਮ ੧੬੧੯ ਈਸਵੀਂ ਨੂੰ ਹੋਇਆ ਸੀ।

ਬਾਬਾ ਅਟੱਲ ਰਾਇ ਜੀ ਗੁਰੂ-ਘਰ ਵਿਚ ਗੁਰਮਤਿ ਦੀ ਰੋਸ਼ਨੀ ਵਿਚ ਪਲ ਰਹੇ ਸਨ। ਬੜੇ ਭੋਲੇ ਭਾਲੇ ਤੇ ਕਰਣੀ ਵਾਲੇ ਬਾਲਕ ਸਨ। ਗੁਰੂ-ਆਗਿਆ ਨੂੰ ਪਾਲਣ ਕਰਨ ਵਿਚ ਸਦਾ ਤਤਪਰ ਰਹਿੰਦੇ ਸਨ। ਰਿਧੀਆਂ ਸਿਧੀਆਂ ਆਪ ਦੇ ਅਗੇ ਪਿਛੇ ਫਿਰਦੀਆਂ ਸਨ। ਆਪ ਦੇ ਮੂੰਹੋਂ ਜੋ ਬਚਨ ਨਿਕਲਦਾ, ਉਹ ਸਤ ਹੋ ਕੇ ਰਹਿੰਦਾ।

ਨੌਂ ਸਾਲ ਦੀ ਉਮਰ ਵਿਚ ਇਕ ਦਿਨ ਆਪਣੇ ਸਾਥੀਆਂ ਨਾਲ ਬਾਬਾ ਅਟੱਲ ਜੀ ਮੀਟੀ ਖੇਡ ਰਹੇ ਸਨ। ਸ਼ਾਮ ਵੇਲੇ ਇਨ੍ਹਾਂ ਦੇ ਇਕ ਸਾਥੀ ਮੋਹਨ ਦੇ ਸਿਰ ਮੀਟੀ ਰਹਿ ਗਈ, ਜੋ ਉਸ਼ ਨੇ ਦੂਜੇ ਦਿਨ ਆ ਕੇ ਦੇਣੀ ਸੀ। ਅਕਾਲ ਪੁਰਖ ਦਾ ਐਸਾ ਭਾਣਾ ਵਰਤਿਆ ਕਿ ਮੋਹਨ ਨੂੰ ਘਰ ਜਾ ਕੇ ਸੱਪ ਡੱਸ ਗਿਆ ਅਤੇ ਸਵੇਰ ਤਕ ਉਹ ਪ੍ਰਾਣ ਤਿਆਗ ਗਿਆ। ਘਰ ਵਿਚ ਚੀਕ-ਚਿਹਾੜਾ ਪੈ ਗਿਆ।

ਸਵੇਰੇ ਸਾਰੇ ਬਾਲਕ ਖੇਡਣ ਲਈ ਇਕੱਠੇ ਹੋਏ। ਕਾਫ਼ੀ ਉਡੀਕ ਕਰਨ ਤੇ ਵੀ ਜਦ ਮੋਹਨ ਉਥੇ ਨਾ ਪੁਜਾ ਤਾਂ ਬਾਬਾ ਅਟੱਲ ਜੀ ਉਸ ਦੇ ਘਰ ਚਲੇ ਗਏ। ਘਰ ਦੇ ਜੀਅ ਰੋਣ-ਪਿਟਣ ਵਿਚ ਲਗੇ ਹੋਏ ਸਨ। ਬਾਬਾ ਜੀ ਹੈਰਾਨ ਹੋਏ ਅੰਦਰ ਚਲੇ ਗਏ ਅਤੇ ਸਹਿਜ ਸੁਭਾ ਹੀ ਆਪਣੀ ਖੂੰਡੀ ਮੋਹਨ ਦੇ ਗਲ ਵਿਚ


www.AKJ.org

ਮਾਣਿਆ ਨਹੀਂ ਏ ਸੂਹਜ ਜਗਤ ਦਾ, ਕੁਝ ਵੀ ਖਾ ਹੰਢਾ ਕੇ।
ਲਾਡਾਂ ਦਾ ਹੈ ਬਚਪਨ ਹਾਲਾ, ਬੇਫ਼ਿਕਰੀ ਦਾ ਜੀਣਾ।
ਖੇਡਣਾ ਕੁਦਣਾ ਰੰਗਾਂ ਅੰਦਰ, ਗੁਡਿਆਂ ਸੰਗ ਪਰਚੀਣਾ।
ਤੁਸੀਂ ਇਕੱਲੇ ਰਹਿ ਗਏ ਜੱਗ ਤੇ, ਬਾਕੀ ਕੁਟੰਬ ਕਬੀਲਾ।
ਮਾਰਿਆ ਗਿਆ ਦਰੜਿਆ ਗਿਆ, ਜਿਉਂ ਕਣਕੇ ਦਾ ਤੀਲਾ।
ਹਮਦਰਦੀ ਨਹੀਂ ਰਹਿਆ ਕੋਈ, ਰਹਿਆ ਨਹੀਂ ਕੋਈ ਸਾਥੀ।
ਕਿਸੇ ਤੁਹਾਡੀ ਬਾਂਹ ਨ ਫੜਨੀ, ਕਿਸੇ ਨ ਕਰਨੀ ਰਾਖੀ।
ਬਿਨਾਂ ਆਸਰੇ ਬਿਨਾਂ ਸਹਾਰੇ, ਜ਼ਿੰਦਗੀ ਵੀ ਕੋਈ ਹੋਵੇ।
ਚਾਨਣੀ ਬਾਝ ਨ ਚੰਨ ਇਕੱਲਾ, ਅਸਮਾਨਾਂ ਤੇ ਸੋਹਵੇ।
ਕੁਝ ਇਕੱਲਿਆਂ ਦੀ ਨਹੀਂ ਵਟਕ, ਕੀਮਤ ਸਦਾ ਹੈ ਵੱਗ ਦੀ।
ਕਲ-ਮਕੱਲੇ ਰੁਖ ਦੇ ਕੋਲੋਂ, ਚੰਗੀ ਫੁਲਵਾੜੀ ਹੈ ਲਗਦੀ।
ਦੀਨ ਇਸਲਾਮ ਦੇ ਅੰਦਰ ਆਵੋ, ਧਾਰ ਕੇ ਮੁਸਲਮਾਨੀ।
ਮਾਣੋ ਮੌਜਾਂ ਕਰੋ ਹਕੂਮਤ, ਐਸ਼ ਮਿਲੇ ਮਨ ਮਾਨੀ।
ਵਾਂਗ ਨਵਾਬਾਂ ਰਹਿਣਾ ਬਹਿਣਾ, ਪੋਜ਼ਸ਼ ਵਧੀਆ ਆਲ੍ਹਾ।
ਹਾਥੀ ਘੋੜੇ ਮਾਲ ਜਾਗੀਰਾਂ, ਜੀਵਨ ਬੜਾ ਸੁਖਾਲਾ।
ਹੂਰਾਂ ਨਾਲੋਂ ਵੱਧ ਸੋਹਣੀਆਂ, ਡੋਲਿਆਂ ਦੇ ਵਿਚ ਪਾਵਾਂ।
ਹਰ ਪਾਸੇ ਤੋਂ ਹੋਣ ਤੁਹਾਨੂੰ, ਹਥੀਂ ਠੰਡੀਆਂ ਛਾਵਾਂ।

ਅਸਰ ਨ ਕੀਤਾ ਕੁਝ ਲਾਲਚ ਨੇ, ਨ ਭੈ ਨ ਡਰ ਧਮਕੀ।
ਫ਼ਤਿਹ ਸਿੰਘ ਜ਼ੋਰਾਵਰ ਸਿੰਘ ਦੀ, ਵਾਜ ਇਉਂ ਉਚਿਆਂ ਚਮਕੀ:
ਅਸੀਂ ਹਾਂ ਗੋਬਿੰਦ ਸਿੰਘ ਦੇ ਜਾਏ, ਭੈ ਕਦੇ ਨ ਖਾਈਏ।
ਦਾਦੀ ਸਾਨੂੰ ਕੁਰਬਾਨੀ ਦੀ ਘੁਟੀ ਘੋਲ ਪਿਆਈ ਏ।
ਗੁਰਬਾਣੀ ਦਾ ਸਦਾ ਆਸਰਾ, ਨਹੀਂ ਹਾਂ ਬੇਸਹਾਰੇ।
ਅਸੀਂ ਨਹੀਂ ਹਾਂ ਨੰਨ੍ਹੇ ਮੁੰਨੇ, ਸਿਦਕ ਅਸਾਡੇ ਭਾਰੇ।
ਜ਼ੁਲਮ ਦੇ ਅਗੇ ਨਿਉਣਾ ਸੂਬਾ, ਅਸਾਂ ਨਹੀਂ ਏ ਸਿਖਿਆ।
ਸਦਾ ਜ਼ੁਲਮ ਦਾ ਕਰੋ ਟਾਕਰਾ, ਸਾਡੇ ਵਡਿਆਂ ਲਿਖਿਆ।
ਜਦ ਤਕ ਹੈ ਜ਼ਿੰਦਗਾਨੀ ਸਾਡੀ, ਅਸਾਂ ਟਾਕਰਾ ਕਰਨਾ।
ਮਲੀਆ-ਮੇਟ ਜ਼ੁਲਮ ਦਾ ਕਰ ਕੇ, ਫੇਰ ਅਸਾਂ ਨੇ ਮਰਨਾ।
ਸਿੱਖੀ ਸਿਦਕ ਹੈਂ ਸਭ ਤੋਂ ਉਚਾ, ਜਾਣੇ ਦੁਨੀਆ ਸਾਰੀ।
ਸਿਖ ਧਰਮ ਨੇ ਹੈਂ ਬੁਝਾਣੀ, ਜ਼ੁਲਮ ਦੀ ਇਹ ਚੰਗਿਆਰੀ।
ਨਹੀਂ ਜੀਵਨ ਦਾ ਲਾਲਚ ਸਾਨੂੰ, ਸਦਾ ਹੈ ਸਿਰ ਹਥੇਲੀ।
ਕੁਰਬਾਨੀ ਦੀ ਨਾਵੇਂ ਗੁਰ ਜੀ, ਦਸੀ ਜਾਚ ਸੁਹੇਲੀ।
ਉਡ ਜਾਵਣਗੀਆਂ ਤੇਰੀਆਂ ਧੂੜਾਂ, ਮਿਟੇਗਾ ਰਾਜ ਨਿਕਰਮਾ।
ਸਿੱਖੀ ਸਿਦਕ ਨੂੰ ਆਦਰ ਭਰੀਆਂ, ਹੋਸਣ ਨਿਤ ਪਰਕਰਮਾ।
ਸੁਣ ਕੇ ਬੱਚਿਆਂ ਦੀਆਂ ਖਰੀਆਂ, ਰੋਹ ਚਿ ਸੂਬਾ ਆਇਆ।

ਪਾ ਕੇ ਕਹਿਣ ਲਗੇ, ਚਲ ਭਈ ਆ ਕੇ ਸਾਡੀ ਮੀਟੀ ਦੇਹ। ਖੁੰਡੀ ਛੋਹਣ ਦੀ ਦੇਰ ਸੀ ਕਿ ਮੋਹਨ ਉਠ ਕੇ ਬਹਿ ਗਿਆ।

ਗੁਰੂ ਪਾਤਸ਼ਾਹ ਦੀ ਅੰਸ ਦੇ ਮੂੰਹੋਂ ਭੋਲੇ-ਭਾਇ ਨਿਕਲੇ ਬਚਨ ਸਤਿ ਹੋ ਗਏ। ਮਰੇ ਹੋਏ ਮੋਹਨ ਦਾ ਜੀਂਦੇ ਹੋ ਜਾਣਾ ਭਾਰੀ ਮੁਅਜਜ਼ਾ ਸੀ। ਮਿੰਟਾਂ ਸਕਿੰਟਾਂ ਵਿਚ ਬਾਬਾ ਜੀ ਦੀ ਇਹ ਕਰਾਮਾਤ ਧੁੰਮ ਗਈ ਅਤੇ ਹੁੰਦੇ ਹੁੰਦੇ ਇਹ ਚਰਚਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤਕ ਵੀ ਪੁਜ ਗਈ।

ਸਤਿਗੁਰਾਂ ਨੇ ਇਸ ਨੂੰ ਠੀਕ ਨਾ ਜਾਤਾ ਅਤੇ ਫ਼ੁਰਮਾਇਆ ਕਿ ਇਹ ਕਰਤਾਰ ਦੇ ਹੁਕਮ ਵਿਚ ਵਿਘਨ ਪਾਣਾ ਹੈ, ਉਹ ਤਾਂ ਕਿਸੇ ਜੀਵ ਨੂੰ ਮਾਰੇ ਤੇ ਅਸੀਂ ਉਸ ਨੂੰ ਜਿਵਾਲ ਦੇਈਏ। ਮਾਰਨ ਜੀਵਾਲਣਹਾਰ ਉਹ ਹੈ, ਉਸ ਦੀ ਰਜ਼ਾ ਵਿਚ ਅਸਾਂ ਚਲਣਾ ਹੈ। ਜੋ ਉਹ ਕਰਦਾ ਹੈ, ਸੋ ਠੀਕ ਹੈ। ਜੀਵਨ ਬਦਲੇ ਜੀਵਨ ਦੇਣਾ ਪੈਣਾ ਹੈ।

ਬਾਬਾ ਅਟੱਲ ਰਾਇ ਜੀ ਨੂੰ ਪਿਤਾ-ਸਤਿਗੁਰੂ ਜੀ ਦਾ ਸੰਦੇਸ਼ ਮਿਲ ਗਿਆ। ਉਨ੍ਹਾਂ ਨੇ ਮੋਹਨ ਨੂੰ ਜੀਵਾਲਣ ਬਦਲੇ ਆਪਣਾ ਆਪ ਵਾਰਨਾ ਯੋਗ ਸਮਝਿਆ। ਬਾਬਾ ਜੀ ਕੋਲ ਸਰ ਦੇ ਚੜ੍ਹਦੇ ਪਾਸੇ ਇਕਾਂਤ ਵਿਚ ਜਾ ਬਿਰਾਜੇ ਅਤੇ ਉਥੇ ਹੀ ਸਰੀਰ ਤਿਆਗ ਦਿਤਾ।

ਬਾਬਾ ਅਟੱਲ ਰਾਇ ਜੀ ਦੇ ਸਰੀਰ ਤਿਆਗਣ ਵੇਲੇ ੯ ਸਾਲ ਦੀ ਆਯੂ ਸੀ। ਉਨ੍ਹਾਂ ਦੀ ਇਸ ਸਦੀਵੀ ਯਾਦ ਵਿਚ ਇਸ ਵੇਲੇ ਨੌਂ-ਛੱਤਾ ਅਸਥਾਨ ਕਾਇਮ ਹੈ, ਜਿਸ ਨੂੰ ਗੁਰਦੁਆਰਾ ਬਾਬਾ ਸਾਹਿਬ ਕਹਿੰਦੇ ਹਨ। ਇਸ ਲਾਗਲਾ ਬਜ਼ਾਰ ਵੀ ਅਤੇ ਚੌਕ ਵੀ ਬਾਬਾ ਸਾਹਿਬ ਦੇ ਨਾਂ ਨਾਲ ਹੀ ਪਰਸਿਧ ਹਨ।

ਬਾਬਾ ਅਟੱਲ ਜੀ ਨਾਲ ਪਿਆਰ ਕਰਨ ਵਾਲੀਆਂ ਸੰਗਤਾਂ ਨੇ ਇਥੇ ਬਾਬਾ ਜੀ ਦੀ ਯਾਦ ਵਿਚ ਸਦਾ-ਬ੍ਰਤ ਲਾ ਦਿਤੇ। ਭੁੱਖਿਆਂ ਲੋੜਵੰਦਾਂ ਨੂੰ ਇਥੋਂ ਹਰ ਵੇਲੇ ਭੋਜਨ ਮਿਲਦਾ


www.AKJ.org

ਚਿਣ ਦਿਉ ਦੀਵਾਰਾਂ ਅੰਦਰ, ਮੂੰਹ ਚੋਂ ਆਖ ਸੁਣਾਇਆ।
ਸੱਪਾਂ ਦੇ ਪੁਤ, ਮਿਤ ਨ ਬਣਦੇ, ਲਖਾਂ ਦੁੱਧ ਪਿਆਵੋ।
ਕਾਲੇ ਮੂਲ ਨ ਹੋਂਦੇ ਬਗੇ, ਲਖ ਸਾਬਣ ਪਏ ਲਾਵੋ।
ਸੁਣ ਕੇ ਇਹ ਨਵਾਬ ਬੋਲਿਆ ਮਲੇਰ ਕੋਟਲੇ ਵਾਲਾ।
ਮੈਨੂੰ ਚੰਗਾ ਲਗਾ ਨਹੀਂ ਏ ਸੂਬਾ ਜੀ ਇਹ ਚਾਲਾ।
ਬੱਚਿਆਂ ਨਾਲ ਸ਼ਰੀਕਤ ਕਰਨੀ, ਨਹੀਂ ਕੋਈ ਇਹ ਦਨਾਈ।
ਬਦਲ ਸਦਾ ਛੁਪਾ ਨਹੀਂ ਸਕਦੇ ਸੂਰਜ ਦੀ ਰੁਸ਼ਨਾਈ।
ਚੰਨ, ਸੂਰਜ ਦੀ ਸਦਾ ਰੋਸ਼ਨੀ ਦੁਨੀਆ ਨੂੰ ਰੁਸ਼ਨਾਵੇ।
ਝਖੜ ਮੀਂਹ ਹਨੇਰੀ ਬੇਸ਼ਕ, ਜਿਤਨਾ ਵੀ ਪਿਆ ਆਵੇ।
ਥੋੜੀ ਦੇਰ ਦੀ ਹੈ ਰੁਕਾਵਟ, ਥੋੜੀ ਦੇਰ ਦਾ ਡੱਕਾ।
ਦੇਂਦੀਆਂ ਭਾਰ ਹੈ ਅੰਤ ਨੂੰ ਡਿਗਦਾ, ਜ਼ੋਰ ਜ਼ੁਲਮ ਤੇ ਧੱਕਾ।
ਸੁਚਾ ਨੰਦ ਦੀਵਾਨ ਬੋਲਿਆ, ਸੁਣੋ ਨਵਾਬ ਪਿਆਰੇ।
ਇਹ ਨੇ ਸੱਪ ਕਰੁੰਡੀਏ ਦੋਵੇਂ, ਬਚਣ ਨ ਇਨ੍ਹਾਂ ਦੇ ਮਾਰੇ।
ਜੰਮਦੀਆਂ ਸੂਲਾਂ ਦੇ ਮੂੰਹ ਤਿਖੇ, ਚੋਭ ਇਨ੍ਹਾਂ ਦੇ ਜ਼ਹਿਰੀ।
ਅਠੂਏਂ ਰਖੋ ਪੱਟ ਦੇ ਅੰਦਰ, ਫਿਰ ਵੀ ਡੰਗਣ ਜ਼ਹਿਰੀ।
ਇਸ ਲਈ ਇਨ੍ਹਾਂ ਨੂੰ ਮਾਰ ਹੀ ਦੇਵੋ, ਛਡਣਾ ਨਹੀਂ ਹੈ ਚੰਗਾ।
ਵੇਲੇ ਦੀ ਮਾਰੀ ਸਟ ਕਰਦੀ, ਸਿਧਾ ਵਿੰਗ ਕੁਢੰਗਾ।
ਇਹ ਸੁਣ ਕੇ ਤੇ ਨੀਂਹਾਂ ਅੰਦਰ, ਮਾਸੂਮਾਂ ਨੂੰ ਕੀਤਾ।
ਮੁਗਲ ਹਕੂਮਤ ਦੇ ਬਖ਼ਤਾਂ ਦਾ, ਹੋਇਆ ਫੀਤਾ ਫੀਤਾ।

ਚੜ੍ਹਦੀਆਂ ਕਲਾਂ ਦੇ ਅੰਦਰ ਦੋਵੇਂ, ਪਰ ਉਹ ਵੀਰ ਸੁਵੰਨੇ।
ਚਮਕਦੇ ਚੇਹਰਿਆਂ ਨਾਲ ਖੜੇ ਸਨ, ਜਿਉਂਕਰ ਹੀਰੇ ਪੰਨੇ।
ਫੁਲਾਂ ਵਾਂਗੂ ਖਿੜੇ ਖਿੜੇ ਤੇ ਕਲੀਆਂ ਵਾਂਗੂ ਹਸਦੇ।
ਨੈਣ ਸਰੂਰੀ ਖੀਵੇ ਖੀਵੇ, ਭਿਜੇ ਬਾਣੀ ਰੱਸ ਦੇ।
ਭਰ ਕਰੰਡੀਆਂ ਗਾਰੇ ਦੀਆਂ, ਜਿਉਂ ਗਿਟਿਆਂ ਤੇ ਮਾਰਨ।
ਕਲਗੀਧਰ ਦੇ ਲਾਡ-ਲਡਿਕੇ ਮੁਖ ਤੋਂ ਪਏ ਉਚਾਰਨ:
ਪਕੀਆਂ ਸਿੱਖੀ ਮਹਿਲ ਦੀਆਂ ਨੇ, ਹੋ ਰਹੀਆਂ ਅੱਜ ਨੀਂਹਾਂ।
ਸਿਖੀ ਸਿਦਕ ਪਾ ਰਿਹਾ ਹੈ, ਵਖਰੀਆਂ ਨਵੀਆਂ ਲੀਹਾਂ।
ਲਹੂ ਸ਼ਹੀਦਾਂ ਦਾ ਚਾੜ੍ਹੇਗਾ, ਰੰਗਣ ਇਕ ਅਨੋਖੀ।
ਵੇਖ ਵੇਖ ਕੇ ਦੰਗ ਹੋਣਗੇ, ਕੁਲ ਦੁਨੀਆ ਦੇ ਘੋਖੀ।
ਜਬਰ ਢਹੇਗਾ ਮੂੰਹ ਦੇ ਪਰਨੇ, ਲਾਊ ਰੰਗ ਕੁਰਬਾਨੀ।
ਜੈ ਧਰਮ ਦੀ ਸਦਾ ਹੀ ਹੋਵੇ, ਅੰਦਰ ਦੁਹੀਂ ਜਹਾਨੀਂ।
ਜ਼ੁਲਮ ਸਿਤਮ ਦੀ ਆਰੀ ਫੜ ਕੇ, ਕਰ ਰਿਹਾ ਤੂੰ ਉਜਾੜੀ।
ਪਰ ਵਧਣੀ ਤੇ ਫੁਲਣੀ ਸੂਬਿਆ, ਸਿੱਖੀ ਦੀ ਫੁਲਵਾੜੀ।
ਦੁਨੀਆ ਦੇ ਹਰ ਕੋਨੇ ਅੰਦਰ, ਪੁਜ਼ਣੀਆਂ ਇਹਦੀਆਂ ਮਹਿਕਾਂ।

ਸੀ। ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਇਸ ਬਾਰੇ ਲਿਖਦੇ ਹਨ–

"ਇਸ ਥਾਂ ਅਭਿਆਗਤਾਂ ਨੂੰ ਸ਼ਹਿਰ ਦੇ ਪ੍ਰੇਮੀਆਂ ਵਲੋਂ ਸਦਾ ਹੀ ਅੰਨ ਮਿਲਦਾ ਰਹਿੰਦਾ ਹੈ, ਅਤੇ ਇਹ ਕਹਾਵਤ ਅਕਸਰ ਲੋਕਾਂ ਦੇ ਮੁਖੋਂ ਸੁਣੀਦੀ ਹੈ– 'ਬਾਬਾ ਅਟੱਲ ਪਕੀ ਪਕਾਈ ਘਲ'।"

ਇਥੇ ਸਦਾ ਪਕੇ-ਪਕਾਏ ਭੋਜਨ ਹੀ ਲਿਆ ਕੇ ਵਰਤਾਏ ਜਾਂਦੇ ਰਹੇ ਹਨ। ਇਸ ਮਤਲਬ ਲਈ ਪਹਿਲਾਂ ਬਾਬਾ ਸਾਹਿਬ ਦੇ ਬਾਹਰਲੇ ਬਜ਼ਾਰ ਵਿਚ ਰੋਟੀਆਂ ਲਾਉਣ ਵਾਲੇ ਤੰਦੂਰ ਲਗੇ ਹੋਏ ਸਨ, ਜਿਥੋਂ ਲੋਕੀ ਰੋਟੀਆਂ ਖ਼ਰੀਦ ਕੇ ਅੰਦਰ ਲਿਜਾ ਕੇ ਵੰਡਦੇ ਵੇਖੇ ਜਾਂਦੇ ਸਨ। ਪਰ ਉਹ ਹੱਟੀਆਂ ਹੁਣ ਕਿਤੇ ਨਜ਼ਰ ਨਹੀਂ ਆਉਂਦੀਆਂ। ਹੁਣ ਤਾਂ ਸਰਕਾਰ ਦੀ ਨਵੀਂ ਗਲਿਆਰਾ-ਸਕੀਮ ਮਾਤਹਿਤ ਇਹ ਬਜ਼ਾਰ, ਦੁਕਾਨਾਂ ਤੇ ਆਲਾ ਦੁਆਲਾ ਸਭ ਕੁਝ ਖ਼ਤਮ ਕੀਤਾ ਜਾ ਰਿਹਾ ਹੈ। ਸਰਕਾਰ ਦੀ ਸਕੀਮ ਅਨੁਸਾਰ ਦਰਬਾਰ ਸਾਹਿਬ ਦਾ ਆਲਾ ਦੁਆਲਾ ਸਾਫ਼ ਕਰ ਕੇ ਇਸ ਨੂੰ ਖ਼ੂਬਸੂਰਤ ਬਣਾਉਣਾ ਹੈ। ਸਤਿਗੁਰੂ ਮਿਹਰ ਕਰਨ ਅਤੇ ਇਹ ਖ਼ੂਬਸੂਰਤੀ ਸਹੀ ਅਰਥਾਂ ਵਿਚ ਕਾਇਮ ਹੋ ਕੇ ਗੁਰੂ-ਦਰਬਾਰ ਦੇ ਮਤਵਾਲਿਆਂ ਨੂੰ ਖੇੜਾ ਬਖ਼ਸ਼ਦੀ ਰਹੇ।

ਬਾਬਾ ਅਟੱਲ ਸਾਹਿਬ ਵਿਚ ਪਕੀਆਂ ਪਕਾਈਆਂ ਪ੍ਰਸ਼ਾਦੀਆਂ ਦੀ ਇਤਨੀ ਮਹਿਮਾ ਹੈ ਕਿ ਹੁਣ ਵੀ ਜਿਥੇ ਕਿਸੇ ਘਰ ਪ੍ਰਸ਼ਾਦਾ ਪੱਕਣ ਵਿਚ ਦੇਰੀ ਹੋ ਰਹੀ ਹੋਵੇ ਤਾਂ ਉਸ ਘਰ ਦੀ ਸਵਾਣੀ ਪਰ੍ਹੇ ਵਿਚ ਬੈਠੀ ਕਹਿ ਉਠਦੀ ਹੈ ਕਿ ਮੈਂ ਘਰ ਜਾ ਕੇ ਰੋਟੀ ਵੀ ਪਕਾਣੀ ਹੈ; ਮੈਨੂੰ ਕੋਈ ਬਾਬੇ ਸਾਹਿਬੋਂ ਤਾਂ ਨਹੀਂ ਆ ਜਾਣੀ, ਜਾਂ ਮੈਂ ਘਰ ਵਾਲਿਆਂ ਨੂੰ ਬਾਬੇ ਸਾਹਿਬ ਤਾਂ ਨਹੀਂ ਭੇਜਣਾ।

–੦–


www.AKJ.org

ਕਰਨ ਸੁਖਾਵਾਂ ਜੱਗ ਸਾਰੇ ਦਾ, ਜੀਵਨ ਜਿਸ ਦੀਆਂ ਟਹਿਕਾਂ।
ਇਸ ਸਿੱਖੀ ਦੀਆਂ ਲੰਮੀਆਂ ਲਗਰਾਂ, ਜੜ੍ਹਾਂ ਨੇ ਵਿਚ ਪਾਤਾਲਾਂ।
ਇਸ ਅਜਿਹੀ ਸਿੱਖੀ ਤਾਈਂ, ਕਿਉਂ ਨ ਨਿਤ ਸੰਭਾਲਾਂ।
ਅਗਨੀ ਇਸ ਨੂੰ ਸਾੜ ਨ ਸਕੇ, ਰੋੜ੍ਹ ਨ ਸਕੇ ਪਾਣੀ।
ਆਰੇ ਇਸ ਨੂੰ ਚੀਰ ਨ ਸਕਣ, ਤਾਹੀਓਂ ਹਾਂ ਕੁਰਬਾਣੀ।
ਇੱਟਾਂ ਪੁਜੀਆਂ ਗਲ ਗਲ ਉਤੇ, ਪਰ ਜ਼ਰਾ ਨ ਝੱਕੇ।
ਉਂਗਲਾਂ ਟੁਕ ਟੁਕ ਵੇਖਣ ਲੋਕੀ, ਹੋ ਕੇ ਹੱਕੇ ਬੱਕੇ।
ਹੌਲੀ ਹੌਲੀ ਬੰਦ ਹੋ ਗਈਆਂ, ਸੂਰਤਾਂ ਉਹ ਲਾਸਾਨੀ।
ਜਿਉਂ ਕੰਵਲਾਂ ਦੇ ਅੰਦਰ ਭੌਰੇ, ਪਾਂਦੇ ਗੂੰਜ ਰੱਬਾਨੀ।
ਕੁਰਬਾਨੀ ਦੀ ਸਿਖਰਾਂ ਮੁਕੀਆਂ, ਜਬਰ ਜ਼ੁਲਮ ਦੀਆਂ ਹੱਦਾਂ।
ਅੱਜ ਵੀ ਹੈ ਇਤਿਹਾਸ ਜਗਤ ਦਾ, ਉਚੀਆਂ ਲਾਂਦਾ ਸੱਦਾਂ:
ਕੁਰਬਾਨੀ ਦਾ ਉਚ ਨਮੂਨਾ, ਦਿਤਾ ਜੱਗ ਨੂੰ ਬਾਲਾਂ।
ਜਿਸਦੀਆਂ ਨਹੀਂ ਹਨ, ਨਹੀਂ ਮਿਲਣੀਆਂ, ਜੱਗ ਚਿ 'ਨੀਰ' ਮਿਸਾਲਾਂ।

---

(੧੮ ਸਫੇ ਦੀ ਬਾਕੀ)

ਬਸ ਜੀ ! ਸਤਿਗੁਰੂ ਪਾਤਸ਼ਾਹ ਦੀ ਅਗਾਧ ਕਲਾ ਵਰਤ ਗਈ। ਖੋਟਿਓਂ ਖਰੇ ਵਾਲੇ ਬਾਲਾ ਪ੍ਰੀਤਮ ਜੀ ਦੀ ਬਖਸ਼ਸ਼ ਹੋਈ ਅਤੇ ਇਸ ਹੁਕਮ ਦਾ ਪਰਤੱਖ ਵਰਤਾਰਾ ਵਰਤ ਗਿਆ–

ਸਾਹਿਬਿ ਅੰਧਾ ਜੋ ਕੀਆ, ਕਰੇ ਸੁਜਾਖਾ ਹੋਇ ॥੨॥੧੬॥ (ਪੰਨਾ ੯੫੪)

ਅੱਖਾਂ ਵਿਚ ਲਾਈਟ ਦੀ ਝਲਕ ਪੈ ਗਈ। ਬੱਚੀ ਕਹਿਣ ਲਗੀ, "ਪਿਤਾ ਜੀ, ਸਾਹਮਣੇ ਖਲੋਤੇ ਸੇਵਾਦਾਰ ਦਾ ਗਾਤਰਾ ਕਿਰਪਾਨ ਮੈਨੂੰ ਦਿਸ ਰਿਹਾ ਹੈ।" ਦਾਸ 'ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ! ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ !' ਪੁਕਾਰਦਾ, ਉਨ੍ਹਾਂ ਦੀ ਵਰਤਾਈ ਅਪਰ ਅਪਾਰ ਲੀਲ੍ਹਾ ਕਾਰਨ ਹੁਲਾਸ ਵਿਚ ਆ ਗਿਆ। ਬੱਚੀ ਦੇ ਕਹਿਣ ਤੇ ਉਥੋਂ ਦਾ ਲੰਗਰ ਛਕ ਕੇ ਦੁਪਹਿਰ ਨੂੰ ਅਸੀਂ ਹਸਪਤਾਲ ਪੁਜੇ। ਬੱਚੀ ਨੂੰ ਵੇਖ ਕੇ ਡਾਕਟਰਾਂ ਦੀ ਹੈਰਾਨਗੀ ਦੀ ਹੱਦ ਨਾ ਰਹੀ। ਉਹ ਕਹਿਣ ਲਗੇ ਕਿ ਆਪ ਦਸੋ ਕਿ ਕੀ ਦਵਾਈ ਪਾਈ ਗਈ ਹੈ। ਅਖ਼ੀਰ ਉਨ੍ਹਾਂ ਨੂੰ ਮੰਨਣਾ ਪਿਆ ਕਿ ਇਹ ਸਤਿਗੁਰਾਂ ਦੀ ਹੀ ਮਹਾਨ ਕਿਰਪਾ ਹੋਈ ਹੈ।

ਬੱਚੀ ਦੀ ਸਿਹਤ ਬਹਾਲ ਕਰਨ ਲਈ ਉਥੇ ਹਸਪਤਾਲ ਵਿਚ ਹੀ ਰਖਿਆ ਗਿਆ, ਪਰ ਬੱਚੀ ਨੇ ਕਿਹਾ ਕਿ ਦਸ ਐਤਵਾਰ ਬੰਗਲਾ ਸਾਹਿਬ ਮੱਥਾ ਟੇਕਣ ਲਈ ਜਾਣਾ ਹੈ, ਕੋਈ ਰੁਕਾਵਟ ਨਾ ਪਾਵੇ। ਹੁਣ ਡਾਕਟਰਾਂ ਨੂੰ ਕੀ ਇਤਰਾਜ਼ ਹੋ ਸਕਦਾ ਸੀ ? ਉਨ੍ਹਾਂ ਖੁਲ੍ਹ ਦਿਤੀ ਕਿ ਤੁਸੀਂ ਬੱਚੀ ਨੂੰ ਰੋਜ਼ ਉਸ ਦੀ ਇੱਛਾ ਮੁਤਾਬਕ ਬੰਗਲਾ ਸਾਹਿਬ ਲੈ ਜਾ ਸਕਦੇ ਹੋ।

ਇਕ ਹੋਰ ਜੋ ਜ਼ਾਹਰਾ ਜ਼ਰੂਰ ਕ੍ਰਿਸ਼ਮਾ ਉਥੇ ਵਰਤਦਾ ਰਿਹਾ, ਉਹ ਇਹ ਸੀ ਕਿ ਗੁਰਦੁਆਰਾ ਸਾਹਿਬ ਹਾਲ ਵਿਚ ਅਰਦਾਸ ਸਮੇਂ ਬੱਚੀ ਖੜੀ ਹੋ ਜਾਂਦੀ ਸੀ, ਪਰ ਜਦ ਹਾਲ ਤੋਂ ਬਾਹਰ ਲਿਆਈਦਾ ਸੀ ਤਾਂ ਉਹ ਖਲੋ ਨਹੀਂ ਸਕਦੀ ਸੀ। ਠੀਕ ਦਸ ਐਤਵਾਰ ਇਹ ਬੀਬੀ ਬੰਗਲਾ ਸਾਹਿਬ ਜਾਂਦੀ ਰਹੀ ਅਤੇ ਉਸ ਪਿਛੋਂ ਬਿਲਕੁਲ ਠੀਕ ਨਵੀਂ ਨਰੋਈ ਹੋ ਕੇ ਘਰ ਆ ਗਈ। ਹੁਣ ਇਸ ਬੱਚੀ ਦੀ ਸ਼ਾਦੀ ਹੋ ਚੁਕੀ ਹੈ ਅਤੇ ਉਸ ਦਾ ਇਕ ਲੜਕਾ ਵੀ ਹੈ।

ਬੱਚੀ ਦਾ ਗੁਰੂ-ਚਰਨਾਂ ਵਿਚ ਅਗਾਧ ਬੋਧ ਪਿਆਰ, ਸਿਦਕ ਤੇ ਸ਼ਰਧਾ ਦਾ ਇਹ ਅਲੌਕਿਕ ਫਲ ਹੈ ਜਿਸ ਨੂੰ ਭਾਈ ਗੁਰਦਾਸ ਜੀ ਨੇ ਇਉਂ ਕਥਨ ਕੀਤਾ ਹੈ–

ਗੋਬਿੰਦ ਭਾਉ ਭਗਤਿ ਦਾ ਭੁਖਾ ॥੭॥ (ਵਾਰ ੧੦)


www.AKJ.Org

# ਕਾਹੇ ਜਗਿ ਆਏ ਰਾਮ ਰਾਜੇ

(ਸੂਬੇਦਾਰ ਧਰਮ ਸਿੰਘ ਜੀ, ਪਿੰਡ ਸੂਜੋਂ ਜਿਲਾ ਜਲੰਧਰ)

ਅਜ ਦੇ ਸਾਇੰਸ ਦੇ ਯੁਗ ਵਿਚ ਇਕ ਸਾਇੰਸਦਾਨ ਚੰਦ ਨੂੰ ਪੈਰਾਂ ਥੱਲੇ ਲੈ ਮੰਗਲ ਤੇ ਸ਼ੁੱਕਰ ਤੇ ਪਹੁੰਚਣ ਵਿਚ ਜੀਵਨ ਦੀ ਸਫਲਤਾ ਸਮਝਦਾ ਹੈ ਤੇ ਦੂਜਾ ਸਮੁੰਦਰ ਦੀ ਤਹਿ ਵਿਚੋਂ ਅਨਮੋਲ ਵਸਤੂਆਂ ਦੀ ਭਾਲ ਨੂੰ ਆਪਣਾ ਲਕਸ਼ ਬਣਾਈ ਬੈਠਾ ਹੈ। ਇੱਕ ਪਾਸੇ ਸਿਕੰਦਰ, ਨੈਪੋਲੀਅਨ ਤੇ ਹਿਟਲਰ ਵਰਗੇ ਸਾਰੇ ਸੰਸਾਰ ਨੂੰ ਫਤਹ ਕਰ ਕੇ ਵਿਸ਼ਵ-ਸਮਰਾਟ ਬਣਨ ਦੇ ਸੁਪਨੇ ਲੈਂਦੇ ਹਨ ਤੇ ਦੂਜੇ ਪਾਸੇ ਸ੍ਰੀ ਰਾਮ ਚੰਦਰ ਜੀ ਤੇ ਧਰੂ ਭਗਤ ਰਾਜ ਪਾਟ ਨੂੰ ਲੱਤ ਮਾਰ ਕੇ ਜੰਗਲਾਂ ਵਿਚੋਂ ਜੀਵਨ-ਸਫਲਤਾ ਦੀ ਆਸ ਕਰਦੇ ਹਨ। ਇਕ ਪਾਸੇ ਵੱਡੇ ਵੱਡੇ ਸਰਮਾਏਦਾਰ ਅਰਬਾਂ ਰੁਪਏ ਇਕੱਠੇ ਕਰ ਕੇ ਕਾਰੂੰ ਵਾਂਗ ਖ਼ਜ਼ਾਨੇ ਭਰਨਾ ਹੀ ਜੀਵਨ-ਲਕਸ਼ ਬਣਾਈ ਬੈਠੇ ਹਨ ਅਤੇ ਦੂਜੇ ਪਾਸੇ ਇਕ ਗਰੀਬ ਕਿਸਾਨ ਮਿੱਟੀ ਵਿਚ ਮਿੱਟੀ ਹੋ ਕੇ, ਮਿੱਟੀ ਵਿਚੋਂ ਕਾਮਯਾਬੀ ਟੋਲ ਰਿਹਾ ਹੈ। ਇਸ ਮੁਤਜ਼ਾਦ ਜਾਂ ਇਕ ਦੂਸਰੇ ਤੋਂ ਉਲਟ ਰਸਤੇ ਤੇ ਚਲਦੇ ਹੋਏ ਸੰਸਾਰ ਨੂੰ ਦੇਖ ਕੇ ਚੱਕਰ ਵਿਚ ਪੈ ਜਾਈਦਾ ਹੈ ਅਤੇ ਸੋਚਣ ਲਈ ਮਜਬੂਰ ਹੋ ਜਾਈਦਾ ਹੈ ਕਿ ਆਖ਼ਰ ਅਸੀਂ "ਕਾਹੇ ਜਗਿ ਆਏ ਰਾਮ ਰਾਜੇ"।

ਆਓ ਇਸ ਸਵਾਲ ਦੇ ਹਲ ਲਈ ਆਪਣੇ ਚੋਗਿਰਦੇ 'ਤੇ ਨਜ਼ਰ ਮਾਰੀਏ--ਸੂਰਜ ਦੀ ਤਪਸ਼ ਨਾਲ ਸਮੁੰਦਰ ਵਿਚੋਂ ਪਾਣੀ ਭਾਫ਼ ਬਣ ਕੇ ਉਡਦਾ ਹੈ, ਬਦੱਲ ਬਣਦਾ ਹੈ, ਉਪਰਲੀ ਠੰਡੀ ਹਵਾ ਵਿਚ ਜਾ ਕੇ ਜਾਂ ਪਹਾੜਾਂ ਨਾਲ ਟਕਰਾ ਕੇ ਬਾਰਸ਼ ਬਣ ਕੇ ਜ਼ਮੀਨ ਤੇ ਬਰਸ ਜਾਂਦਾ ਹੈ। ਉਹ ਨਦੀਆਂ ਨਾਲਿਆਂ ਵਿਚੋਂ ਹੁੰਦਾ ਹੋਇਆ ਉਸੀ ਸਮੁੰਦਰ ਵਿਚ ਜਾ ਮਿਲਦਾ ਹੈ ਜਿਥੋਂ ਇਹ ਭਾਫ ਬਣ ਕੇ ਉਡਿਆ ਸੀ।

ਬੀਜ ਨੂੰ ਧਰਤੀ ਵਿਚ ਬੀਜਦੇ ਹਾਂ। ਬੀਜ ਉਗ ਕੇ ਪੌਦਾ ਬਣਦਾ ਹੈ। ਪੌਦਾ ਬੂਟੇ ਦਾ ਰੂਪ ਧਾਰਦਾ ਹੈ। ਫੁੱਲ ਪੈਂਦਾ ਹੈ। ਫਲ ਲਗਦਾ ਹੈ। ਫਲ ਵਿਚ ਫੇਰ ਓਹੋ ਬੀਜ ਬਣ ਕੇ ਬੀਜ ਆਪਣੀ ਯਾਤਰਾ ਸੰਪੂਰਨ ਕਰਦਾ ਹੈ।

ਖੇਤਾਂ ਵਿਚੋਂ ਘੁਮਾਰ ਮਿੱਟੀ ਲਿਆਉਂਦਾ ਹੈ, ਪਾਣੀ ਪਾ ਕੇ ਗੁਨ੍ਹਦਾ ਹੈ, ਚਕ ਤੇ ਚੜ੍ਹਾ ਕੇ ਘੜਾ ਥਪਦਾ ਹੈ, ਘੜੇ ਨੂੰ ਆਵੇ ਵਿਚ ਪਾ ਪੱਕਾ ਕਰਦਾ ਹੈ। ਠੰਡੇ ਪਾਣੀ ਦੀ ਲੋੜ ਪੂਰੀ ਕਰਨ ਲਈ ਘੜਾ ਸਾਡੇ ਪਾਸ ਆ ਜਾਂਦਾ ਹੈ। ਕੁਝ ਸਮੇਂ ਪਿਛੋਂ ਘੜਾ ਟੁਟ ਜਾਂਦਾ ਹੈ। ਅਸੀਂ ਉਸ ਦੇ ਠੀਕਰ ਚੁਕ ਖੇਤਾਂ ਵਿਚ ਸੁਟ ਆਉਂਦੇ ਹਾਂ। ਉਸ ਦੇ ਹੋਰ ਟੁਕੜੇ ਹੁੰਦੇ ਹੁੰਦੇ ਓਸ ਮਿੱਟੀ ਵਿਚ ਮਿੱਟੀ ਹੋ ਕੇ ਰਲ ਜਾਂਦਾ ਹੈ ਜਿਥੋਂ ਓਹੋ ਬਣਿਆ ਸੀ।

ਇਸੀ ਤਰ੍ਹਾਂ ਹੋਰ ਅਨੇਕਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸੰਸਾਰ ਦੀ ਹਰ ਸ਼ੈ ਇਕ ਦਾਇਰੇ (ਚੱਕਰ) ਵਿਚ ਹਰਕਤ ਕਰਦੀ ਹੈ–ਜਿਥੋਂ ਓਹ ਉਪਜੀ ਸੀ, ਵੱਖ ਵੱਖ ਹਾਲਤਾਂ ਵਿਚੋਂ ਲੰਘ ਕੇ ਉਥੇ ਪਹੁੰਚ ਕੇ ਹੀ ਆਪਣੀ ਯਾਤਰਾ ਸਮਾਪਤ ਕਰਦੀ ਹੈ।

ਜਿਹ ਤੇ ਉਪਜਿਓ ਨਾਨਕਾ ਲੀਤ ਤਾਹਿ ਮਹਿ ਮਾਨਿ ॥੧੧॥ [ਸਲੋਕ ਮ: ੯, ਪੰਨਾ ੧੪੨੬

ਕੁਦਰਤ ਦਾ ਇਹ ਨਿਯਮ ਹਰ ਸ਼ੈ ਤੇ ਲਾਗੂ ਹੈ, ਜਿਸ ਵਿਚ ਅਸੀਂ ਭੀ ਸ਼ਾਮਲ ਹਾਂ। ਇਸ ਲਈ ਸਾਨੂੰ ਇਹ ਦੇਖਣਾ ਪਵੇਗਾ ਕਿ ਸਾਡੀ ਉਪਜ ਦਾ ਸਰੋਤ ਕੀ ਹੈ, ਇਸ ਸਰੋਤ ਵਲ ਅਸੀਂ ਕਿਵੇਂ ਵਧੀਏ ਤਾਂ ਜੁ ਅਸੀਂ ਭੀ ਆਪਣੇ ਸਰੋਤ ਵਿਚ ਲੀਨ ਹੋ ਕੇ ਜੀਵਨ-ਯਾਤਰਾ ਨੂੰ ਸਫਲ ਕਰ ਸਕੀਏ।

ਇਸ ਤੋਂ ਪਹਿਲਾਂ ਕਿ ਅਸੀਂ ਆਪਣੇ ਉਪਜ-ਸਰੋਤ ਦੀ ਭਾਲ ਕਰੀਏ, ਪਹਿਲਾਂ ਇਸ ਗੱਲ ਦੀ ਪੜਚੋਲ ਕਰ ਲਈ ਜਾਏ ਕਿ "ਮੈਂ ਕੌਣ ਹਾਂ?"

ਤੁਸੀਂ ਆਖੋਗੇ ਕਿ ਬੜਾ ਅਜੀਬ ਸਵਾਲ ਕੀਤਾ ਹੈ। ਮੈਂ ਤੁਹਾਡੇ ਸਾਮ੍ਹਣੇ ਖੜਾ ਛੇ ਫੁਟ ਲੰਮਾ ਜਵਾਨ, ਜਿਸ ਦੇ ਸਿਰ, ਮੂੰਹ, ਅੱਖ, ਨੱਕ, ਕੰਨ, ਹੱਥ, ਪੈਰ ਆਦਿ ਅੰਗ ਹਨ। ਮੈਂ ਇਹ ਸਰੀਰ ਹੀ ਤਾਂ ਹਾਂ, ਹੋਰ ਮੈਂ ਕੀ ਹਾਂ?



www.AKJ.org

ਅਸੀਂ ਆਪਣੀ ਆਮ ਬੋਲ-ਚਾਲ ਵਿਚ ਆਖਦੇ ਹਾਂ ਕਿ **ਮੇਰਾ ਮਕਾਨ** ਬੜਾ ਸੁੰਦਰ ਹੈ। ਬੀਮਾਰ ਹੋ ਗਏ ਤਾਂ ਆਖਦੇ ਹਾਂ **ਮੇਰਾ ਸਰੀਰ** ਕੁਝ ਕਮਜ਼ੋਰ ਹੋ ਗਿਆ ਹੈ। **ਮੇਰਾ** ਤੇ **ਮਕਾਨ** ਅਸੀਂ ਦੋ ਵੱਖ ਵੱਖ ਹਸਤੀਆਂ ਹਾਂ। ਮਕਾਨ ਮੇਰੀ **ਮਲਕੀਅਤ** ਹੈ ਤੇ ਮੈਂ ਇਸ ਮਕਾਨ ਦਾ **ਮਾਲਕ** ਹਾਂ। ਇਸ ਮਕਾਨ ਵਿਚ ਰਹਿੰਦਾ ਹੋਇਆ ਭੀ ਮੈਂ ਖ਼ੁਦ ਮਕਾਨ ਨਹੀਂ ਹਾਂ। ਇਜੀ ਤਰ੍ਹਾਂ ਮੈਂ ਤੇ ਸਰੀਰ ਭੀ ਦੋ ਵਖ ਵਖ ਵਜੂਦ ਹਾਂ–ਸਰੀਰ ਮੇਰੀ **ਮਲਕੀਅਤ** ਹੈ ਤੇ ਮੈਂ ਇਸ ਦਾ **ਮਾਲਕ** ਹਾਂ। ਇਸ ਲਈ ਇਸ ਵਿਚ ਰਹਿੰਦਾ ਹੋਇਆ ਭੀ "ਮੈਂ ਸਰੀਰ ਨਹੀਂ ਹਾਂ"।

ਜਦੋਂ ਕਿਸੀ ਦੀ ਮੌਤ ਹੋ ਜਾਂਦੀ ਹੈ, ਤਾਂ ਅਸੀਂ ਆਖਦੇ ਹਾਂ ਕਿ ਅਮਕਾ ਸੱਜਨ ਸਰੀਰ ਤਿਆਗ ਗਿਆ ਹੈ। ਇਹ ਗੱਲ ਭੀ ਦਸਦੀ ਹੈ ਕਿ ਮੌਤ ਵੇਲੇ ਅਸੀਂ ਇਸ ਸਰੀਰ ਨੂੰ ਇਥੇ ਛਡ ਕੇ ਕਿਸੀ ਹੋਰ ਥਾਂ ਚਲੇ ਜਾਂਦੇ ਹਾਂ, ਇਸ ਸਰੀਰ ਨੂੰ ਦਬਾ ਦਿੰਦੇ ਹਨ, ਜਲਾ ਦਿੰਦੇ ਹਨ, ਜਾਂ ਜਲ-ਪਰਵਾਹ ਕਰ ਕੇ ਖ਼ਤਮ ਕਰ ਦਿੰਦੇ ਹਨ। ਅਸੀਂ ਕਿਸੇ ਹੋਰ ਥਾਂ ਜਾ ਜਨਮ ਲੈਂਦੇ ਹਾਂ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਰੀਰ ਨੂੰ ਛੰਡ ਕੇ ਕੌਣ ਗਿਆ ਤੇ ਹੋਰ ਜਨਮ ਕਿਸ ਨੇ ਤੇ ਕਿਉਂ ਲਿਆ ? ਹਕੀਕਤ ਇਹ ਹੈ ਕਿ ਜਿਸ ਸਰੀਰ ਨੂੰ ਅਸੀਂ ਖ਼ਤਮ ਕਰ ਦਿਤਾ ਉਸ ਨੂੰ ਸਥੂਲ, ਤੇ ਜਿਸ ਨੇ ਇਸ ਨੂੰ ਛਡ ਅਗੇ ਜਾ ਜਨਮ ਲਿਆ ਉਸ ਨੂੰ ਸੂਖਸ਼ਮ ਸਰੀਰ ਆਖਦੇ ਹਾਂ। ਸੂਖਸ਼ਮ ਸਰੀਰ ਵਿਚ ਗਿਆਨ ਅਤੇ ਕਰਮ ਇੰਦਰੇ, ਤੇ ਅੰਤਹਕਰਨ ਆਦਿ ਹੁੰਦੇ ਹਨ, ਜੋ ਅਤੀ ਸੂਖਸ਼ਮ ਹੋਣ ਕਰਕੇ ਉਸਦਾ, ਜਾਂਦੇ ਸਮੇਂ ਕੋਈ ਥਹੁ-ਪਤਾ ਨਹੀਂ ਲਗਦਾ।

ਅੰਤਹਕਰਨ ਮਨ, ਬੁਧ, ਚਿੱਤ ਤੇ ਅਹੰਕਾਰ ਦੇ ਇਕੱਠ ਦਾ ਨਾਮ ਹੈ। ਸਥੂਲ ਤੇ ਸੂਖਸ਼ਮ ਸਰੀਰਾਂ ਨੂੰ ਮਨ ਤੇ ਪ੍ਰਾਣ ਮਿਲ ਕੇ ਹਰਕਤ ਵਿਚ ਰਖਦੇ ਹਨ। ਬੁਧੀ ਚੰਗੇ-ਮਾੜੇ ਦਾ ਨਿਰਣਾ ਕਰਦੀ ਹੈ। ਚਿੱਤ ਸਾਡੇ ਕੀਤੇ ਕਰਮਾਂ ਦਾ ਸਟੋਰ ਹੈ। ਅਸੀਂ ਜੋ ਭੀ ਕਰਮ ਕਰਦੇ ਹਾਂ, ਕਰਮ ਖ਼ਤਮ ਹੋਣ ਪਿਛੋਂ, ਇਸ ਦਾ ਇਕ ਅਕਸ, ਫ਼ੋਟੋ ਜਾਂ ਸੰਸਕਾਰ ਚਿੱਤ ਵਿਚ ਰੀਕਾਰਡ ਹੋ ਜਾਂਦਾ ਹੈ। ਸਾਡੇ ਇਸ ਜਨਮ ਦੇ ਜਾਂ ਪਿਛਲੇ ਜਨਮ-ਜਨਮਾਂਤਰਾਂ ਦੇ ਕੀਤੇ ਕਰਮਾਂ ਦਾ ਸੰਸਕਾਰ ਦੇ ਰੂਪ ਵਿਚ, ਇਸ ਵਿਚ ਰੀਕਾਰਡ ਮੌਜੂਦ ਰਹਿੰਦਾ ਹੈ। ਇਨ੍ਹਾਂ ਹੀ ਕਰਮਾਂ ਦੇ ਭੋਗ ਭੋਗਣ ਲਈ, ਹੋਰ ਭੋਗ-ਜੂਨੀਆਂ ਵਿਚ ਸਥੂਲ ਸਰੀਰ ਧਾਰ, ਇਨ੍ਹਾਂ ਕੀਤੇ ਕਰਮਾਂ ਦੇ ਭੋਗ ਭੋਗਦੇ ਹਾਂ। ਫੇਰ ਕਿਤੇ ਕਿਸੀ ਵਕਤ ਮਨੁਖਾ ਜਨਮ ਮਿਲਦਾ ਹੈ। ਇਨ੍ਹਾਂ ਪਹਿਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਅਸੀਂ ਹੋਰ ਕਰਮ ਕਰਦੇ ਹਾਂ। ਇਨ੍ਹਾਂ ਕਰਮਾਂ ਤੋਂ ਸੰਸਕਾਰ, ਤੇ ਸੰਸਕਾਰਾਂ ਤੋਂ ਕਰਮਾਂ ਦਾ ਅਤੁਟ ਚੱਕਰ ਹਮੇਸ਼ਾ ਜਾਰੀ ਰਹਿੰਦਾ ਹੈ।

ਅੰਤਹਕਰਨ ਦਾ ਚੌਥਾ ਅੰਗ ਹੈ "ਅਹੰਕਾਰ", ਭਾਵ, "ਮੈਂ ਹਾਂ"। ਇਹ "ਅਹੰਕਾਰ" ਜਾਂ "ਮੈਂ ਹਾਂ" ਵਾਲੀ ਹਸਤੀ ਇਨ੍ਹਾਂ ਦੋਨਾਂ ਸਥੂਲ ਤੇ ਸੂਖਸ਼ਮ ਸਰੀਰਾਂ ਨੂੰ ਸ਼ਕਤੀ ਪਰਦਾਨ ਕਰਦੀ ਹੈ। ਜੇ ਇਹ "ਮੈਂ ਹਾਂ" ਹਸਤੀ ਵੱਖ ਹੋ ਕੇ ਆਪਣੀ ਸ਼ਕਤੀ ਸਮੇਟ ਲਵੇ ਤਾਂ ਇਹ ਦੋਵੇਂ ਸਰੀਰ ਨਕਾਰਾ ਹੋ ਜਾਂਦੇ ਹਨ। ਸਥੂਲ ਸਰੀਰ ਨੂੰ ਇਹ ਸੰਸਾਰ ਵਿਚ ਹੀ ਛਡ ਜਾਂਦਾ ਹੈ, ਪਰ ਜੇ ਕਿਸੇ ਢੰਗ ਨਾਲ ਇਹ "ਮੈਂ ਹਾਂ" ਸੂਖਸ਼ਮ ਸਰੀਰ ਤੋਂ ਭੀ ਖਹਿੜਾ ਛੁਡਾਣ ਵਿਚ ਕਾਮਯਾਬ ਹੋ, ਇਸ਼ ਤੋਂ ਵੱਖ ਹੋ ਕੇ ਆਜ਼ਾਦ ਹੋ ਜਾਵੇ ਤਾਂ ਅਸੀਂ ਆਖਦੇ ਹਾਂ ਕਿ "ਮੈਂ ਹਾਂ" ਹਸਤੀ ਮੁਕਤ ਹੋ ਗਈ ਹੈ। ਸਾਡਾ ਹਿੰਦੂ ਧਰਮ ਬਹੁਤਾ ਕਰਕੇ ਇਸ ਮੁਕਤੀ ਦੀ ਪ੍ਰਾਪਤੀ ਦਾ ਹੀ ਚਾਹਵਾਨ ਹੈ।

ਉਪਰ ਲਿਖੀ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁਜੇ ਹਾਂ ਕਿ ਸਾਡੇ ਤਿੰਨ ਸਰੀਰ ਹਨ—ਇਕ ਸਥੂਲ, ਜੋ ਇਸ ਸੰਸਾਰ ਵਿਚ ਹੀ ਕੰਮ ਆਉਂਦਾ ਹੈ; ਦੂਜਾ ਸੂਖਸ਼ਮ ਸਰੀਰ, ਜੋ ਅਗੇ ਚਲ ਕੇ ਹੋਰ ਜਨਮਾਂ ਦੇ ਗੇੜ ਵਿਚ ਪੈਂਦਾ ਹੈ; ਤੇ ਤੀਸਰਾ ਮੇਰੀ ਆਪਣੀ ਅਸਲ ਹਸਤੀ, ਜੋ ਇਨ੍ਹਾਂ ਦੋਨਾਂ ਸਰੀਰਾਂ ਨੂੰ ਸ਼ਕਤੀ ਪਰਦਾਨ ਕਰ ਕੇ ਕਿਰਿਆ-ਸ਼ੀਲ ਰਖਦੀ ਹੈ। **ਇਸ ਮੇਰੀ "ਮੈਂ ਹਾਂ" ਅਸਲ ਹਸਤੀ ਨੂੰ 'ਜੀਵ-ਆਤਮਾ' ਤੇ ਜਿਸ ਦੀ**


www.AKJ.Org

**ਇਹ ਅੰਸ਼ ਹੈ, ਉਸ ਨੂੰ 'ਪਰਮ-ਆਤਮਾ' ਕਰਕੇ ਜਾਣਿਆ ਜਾਂਦਾ ਹੈ।**

ਸੋ ਇਹ ਮੇਰੀ ਜੋ ਅਸਲ ਹਸਤੀ ਹੈ, ਇਸ ਬਾਰੇ ਬਾਣੀ ਦਾ ਫ਼ੁਰਮਾਨ ਹੈ–

ਕਹੁ ਕਬੀਰ ਇਹੁ ਰਾਮ ਕੀ ਅੰਸੁ ॥੪॥੨॥੫॥ (ਗੋਂਡ ਕਬੀਰ ਜੀ, ਪੰਨਾ ੮੭੧)

ਅਕਾਲ ਪੁਰਖ ਵਾਹਿਗੁਰੂ ਦੀ ਅੰਸ਼ ਹੋਣ ਦੇ ਨਾਤੇ ਇਸ ਵਿਚ ਅਕਾਲ ਪੁਰਖ ਦੇ ਸਾਰੇ ਹੀ ਗੁਣ ਮੌਜੂਦ ਹਨ, ਜਿਵੇਂ ਕਿਰਨ ਵਿਚ ਸੂਰਜ, ਤੇ ਬੂੰਦ ਵਿਚ ਸਾਗਰ ਦੇ ਗੁਣ ਮੌਜੂਦ ਹੁੰਦੇ ਹਨ। ਬੂੰਦ ਸਾਗਰ ਤੋਂ ਵਖ ਹੋ ਨਿਮਾਣੀ ਤੇ ਨਿਤਾਣੀ ਜਿਹੀ ਮਲੂਮ ਹੁੰਦੀ ਹੈ, ਪਰ ਸਾਗਰ ਵਿਚ ਮਿਲ ਕੇ ਖ਼ੁਦ ਭੀ ਸਾਗਰ ਰੂਪ ਹੋ ਜਾਂਦੀ ਹੈ।

ਅਕਾਲ ਪੁਰਖ ਦੀ ਪਛਾਣ ਕੀ ਹੈ ? ਸਭ ਤੋਂ ਪੁਰਾਤਨ ਧਰਮ ਵੇਦ ਮੱਤ ਹੈ। ਵੇਦ ਦਾ ਫ਼ੁਰਮਾਨ ਹੈ– "ਸਰਵਿੰ ਖਲਵਿਦੰ ਬ੍ਰਹਮ"। ਭਾਵ, ਸਭ ਕੁਛ ਬ੍ਰਹਮ ਹੀ ਬ੍ਰਹਮ ਹੈ। ਈਸਾਈ ਮੱਤ ਦੀ ਧਰਮ-ਪੁਸਤਕ ਬਾਈਬਲ ਦਾ ਫ਼ੁਰਮਾਨ ਹੈ–"The Lord, our God, the Lord is one." ਭਾਵ, ਸਾਹਿਬ ਜੋ ਸਾਡਾ ਅਕਾਲ ਪੁਰਖ ਹੈ, ਇਹ ਸਾਹਿਬ ਇਕ ਹੈ। ਮੁਸਲਿਮ ਮੱਤ ਅਨੁਸਾਰ ਕੁਰਾਨ ਸ਼ਰੀਫ਼ ਦਾ ਫ਼ੁਰਮਾਨ ਹੈ–"ਲਾ ਇਲਾ ਇਲ ਇਲਾਹ, ਮੁਹੰਮਦ ਰਸੂਲ ਅੱਲਾ।" ਭਾਵ ਇਕ ਅਲਾਹ ਜਾਂ ਖ਼ੁਦਾ ਤੋਂ ਬਗ਼ੈਰ ਹੋਰ ਕੁਝ ਭੀ ਨਹੀਂ–ਹਜ਼ਰਤ ਮੁਹੰਮਦ ਸਾਹਿਬ ਅਲਾਹ ਦੇ ਰਸੂਲ ਜਾਂ ਪੈਗੰਬਰ ਹਨ। ਗੁਰਬਾਣੀ ਅਨੁਸਾਰ–

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥੩੬॥

ਰਾਮਕਲੀ ਮ: ੩ ਅਨੰਦੁ–ਪੰਨਾ ੯੨੨

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥੧॥ਰਹਾਉ॥

[ਆਸਾ ਨਾਮਦੇਉ ਜੀ, ਪੰਨਾ ੪੮੫

ਹਿੰਦੂ, ਈਸਾਈ, ਮੁਸਲਿਮ ਤੇ ਸਿਖ, ਇਹ ਚਾਰੇ ਮੱਤ ਇਸ ਮੂਲ ਸਿਧਾਂਤ ਤੇ ਮੁਤਫ਼ਿਕ (ਇਕ-ਮੱਤ) ਹਨ ਕਿ **ਇਹ ਦ੍ਰਿਸ਼ਟ ਜਾਂ ਅਦ੍ਰਿਸ਼ਟ ਸੰਸਾਰ ਅਕਾਲ ਪੁਰਖ ਦੇ ਵਿਰਾਟ ਸਰੂਪ ਦਾ ਹੀ ਇਕ ਅੰਗ ਹੈ; ਅਕਾਲ ਪੁਰਖ ਦੀ ਇਕ ਹਸਤੀ ਤੋਂ ਬਗ਼ੈਰ ਹੋਰ ਕੋਈ ਦੂਸਰੀ ਹਸਤੀ ਨਹੀਂ ਹੈ।** ਆਓ ਇਸ ਸਿਧਾਂਤ ਤੇ ਨਵੀਨ ਖੋਜ ਅਨੁਸਾਰ ਭੀ ਇਕ ਸਰਸਰੀ ਝਾਤ ਮਾਰੀਏ।

ਹਿੰਦੂਆਂ ਦੇ ਛੇ ਸ਼ਾਸਤਰਾਂ ਵਿਚੋਂ ਇਕ ਸਾਂਖ ਸ਼ਾਸਤਰ ਹੈ, ਜਿਸ ਦੇ ਕਰਤਾ ਕਪਲ ਦੇਵ ਜੀ ਹਨ। ਉਨ੍ਹਾਂ ਨੇ ਸਾਂਖ ਸ਼ਾਸਤਰ ਵਿਚ ਸੰਸਾਰ-ਰਚਨਾ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਪਰਕਿਰਤੀ ਦੇ ਛੋਟੇ ਛੋਟੇ ਕਣਾਂ ਦੇ ਇਕੱਠ ਤੋਂ ਸੰਸਾਰ ਹੋਂਦ ਵਿਚ ਆਇਆ ਹੈ। ਅੱਜ ਦੇ ਸਾਇੰਸਦਾਨ ਇਸ ਤੋਂ ਬਹੁਤ ਅੱਗੇ ਨਿਕਲ ਗਏ ਹਨ। ਸਾਇੰਸਦਾਨਾਂ ਨੇ ਇਸ ਕਣ ਨੂੰ ਤੋੜਿਆ ਤੇ ਦੇਖਿਆ ਕਿ ਓਹ ਕਣ, ਜਿਸ ਵਿਚ ਕੋਈ ਹਰਕਤ ਨਹੀਂ ਸੀ, ਇਕ ਮਹਾਨ ਸ਼ਕਤੀ ਦਾ ਮਾਲਕ ਹੈ। ਤੋੜਨ ਤੇ ਇਸ ਕਣ ਦੇ ਦੋ ਹਿੱਸੇ ਬਣੇ–ਇਕ ਹਿੱਸਾ ਆਪਣੇ ਆਪ, ਆਪਣੇ ਹੀ ਗਿਰਦ ਚੱਕਰ ਲਾ ਰਿਹਾ ਹੈ, ਜਿਵੇਂ ਲਾਟੂ; ਤੇ ਦੂਸਰਾ ਇਸ ਪਹਿਲੇ ਘੁੰਮਦੇ ਹਿਸੇ ਦੇ ਗਿਰਦ ਚਕਰ ਕਟਦਾ ਹੈ, ਜਿਵੇਂ ਜ਼ਮੀਨ ਆਪਣੇ ਧੁਰੇ ਤੇ ਘੁੰਮਦੀ ਹੈ ਤੇ ਚੰਦ ਜ਼ਮੀਨ ਦੇ ਗਿਰਦ ਚਕਰ ਕਟਦਾ ਹੈ। ਇਕ ਹਿੱਸੇ ਨੂੰ ਪ੍ਰੋਟੋਨ ਤੇ ਦੂਸਰੇ ਨੂੰ ਇਲੈਕਟਰੋਨ ਆਖਦੇ ਹਾਂ। ਜਦੋਂ ਕਿਸੀ ਢੰਗ ਨਾਲ ਇਲੈਕਟਰੋਨ ਨੂੰ ਪ੍ਰੋਟੋਨ ਤੋਂ ਵਖ ਕਰ ਕੇ ਇਕ ਤਾਰ ਵਿਚੋਂ ਦੀ ਲੰਘਾਂਦੇ ਹਾਂ ਤਾਂ ਇਸ ਨੂੰ ਇਲੈਕਟ੍ਰਿਕਸਿਟੀ ਜਾਂ ਬਿਜਲੀ ਆਖਦੇ ਹਾਂ। ਬਗ਼ੈਰ ਹਰਕਤ ਕਣ ਨੂੰ ਤੋੜਨ ਨਾਲ ਇਹ ਇਲੈਕਟ੍ਰਿਕਸਿਟੀ ਸਾਡੀਆਂ ਸੈਂਕੜੇ ਹਾਰਸ-ਪਾਵਰ ਦੀਆਂ ਮੋਟਰਾਂ ਨੂੰ ਹਰਕਤ ਵਿਚ ਲਿਆਉਂਦੀ ਹੈ।

ਬਰਤਾਨੀਆ ਦਾ ਮਸ਼ਹੂਰ ਸਾਇੰਸਦਾਨ ਐਡਿੰਕਟਨ ਆਪਣੀ ਪੁਸਤਕ "Nature of the Phisical World" ਵਿਚ ਇਸ ਇਲੈਕਟ੍ਰਾਨਿਕ ਸਿਧਾਂਤ ਤੇ ਵਿਚਾਰ ਕਰਦਾ ਹੋਇਆ ਲਿਖਦਾ ਹੈ ਕਿ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਇਹ ਇਲੈਕਟ੍ਰਾਨਿਕ ਸ਼ਕਤੀ ਆਪਣੇ ਆਪ ਤੋਂ ਉਪਰ ਕਿਸੇ ਮਹਾਨ ਸ਼ਕਤੀ ਤੋਂ ਆ ਰਹੀ ਹੈ, ਪਰ ਅਸੀਂ ਅਜੇ ਉਸ ਮਹਾਨ ਸ਼ਕਤੀ ਤਕ ਨਹੀਂ ਪਹੁੰਚ ਸਕੇ।


www.AKJ.Org

ਇਹ ਲੰਮੀ ਵਿਚਾਰ ਦੇਣ ਦਾ ਭਾਵ ਇਹ ਹੈ ਕਿ ਅਜ ਦੀ ਸਾਇੰਸ ਭੀ ਇਥੇ ਪਹੁੰਚੀ ਹੈ ਕਿ ਇਸ ਸੰਸਾਰ ਦੀ ਰਚਨਾ ਦਾ ਸਰੋਤ ਇਕ ਮਹਾਨ ਸ਼ਕਤੀ ਹੈ। ਇਸ ਮਹਾਨ ਸ਼ਕਤੀ ਤੋਂ ਪ੍ਰੋਟਨ ਤੇ ਇਲੈਕਟਰੋਨ ਬਣੇ। ਇਨ੍ਹਾਂ ਦੋਨਾਂ ਦੀ ਇਕ ਨਿਸ਼ਚਤ ਮਾਤਰਾ ਵਿਚ ਇਕੱਠੇ ਹੋਣ ਨਾਲ ਸੰਸਾਰ ਦੀਆਂ ਵੱਖ ਵੱਖ ਵਸਤਾਂ ਵਜੂਦ ਵਿਚ ਆਈਆਂ।

ਹਾਈਡਰੋਜਨ ਤੇ ਆਕਸੀਜਨ ਦੋ ਗੈਸਾਂ ਹਨ। ਨਜ਼ਰ ਤਾਂ ਨਹੀਂ ਆਉਂਦੀਆਂ, ਪਰ ਜਦੋਂ ਦੋਵੇਂ ਗੈਸਾਂ ਇਕੱਠੀਆਂ ਕਰ ਦੇਈਏ ਤਾਂ ਪਾਣੀ ਬਣ ਜਾਂਦਾ ਹੈ। ਪਾਣੀ ਨੂੰ ਠੰਡਕ ਦੇਣ ਨਾਲ ਬਰਫ਼, ਤੇ ਤਪਸ਼ ਦੇਣ ਨਾਲ ਭਾਫ ਅਤੇ ਬ਼ਦਲ ਬਣ ਜਾਂਦਾ ਹੈ। ਇਹ ਚੀਜ਼ਾਂ ਵਖੋ ਵਖ ਹੁੰਦਿਆਂ ਹੋਇਆਂ ਭੀ ਮੂਲ ਰੂਪ ਵਿਚ ਗੈਸ ਹੀ ਹਨ।

ਇਸੀ ਤਰ੍ਹਾਂ ਇਸ ਸੰਸਾਰ ਵਿਚ ਅਤ ਦਾ ਵਖਰੇਵਾਂ ਹੁੰਦੇ ਹੋਏ ਭੀ ਮੂਲ ਰੂਪ ਵਿਚ ਇਕ ਮਹਾਨ ਸ਼ਕਤੀ ਦੇ ਆਪਣੇ ਹੀ ਰੂਪ ਦਾ ਵਟਾਂਦਰਾ ਹੈ—ਇਸ ਮਹਾਨ ਸ਼ਕਤੀ ਦਾ ਨਾਮ ਤੁਸੀਂ ਅਕਾਲ-ਪੁਰਖ਼, ਵਾਹਿਗੁਰੂ, ਪਰਮਾਤਮਾ, ਖ਼ੁਦਾ, ਅਲਾਹ ਜਾਂ ਗੋਡ ਕੁਝ ਭੀ ਆਖ ਕੇ ਪੁਕਾਰ ਸਕਦੇ ਹੋ। ਇਸੀ ਮਹਾਨ ਸ਼ਕਤੀ ਤੋਂ "ਮੈਂ" (ਜੀਵ-ਆਤਮਾ) ਉਪਜਿਆ ਹਾਂ ਤੇ ਇਸੇ ਵਿਚ ਲੀਨ ਹੋਣ ਤੇ ਹੀ "ਮੇਰੀ" ਜੀਵਨ-ਯਾਤਰਾ ਸੰਪੂਰਨ ਹੋਣੀ ਹੈ।—ਕਦੋਂ ?

ਇਸ ਦੇ ਉੱਤਰ ਵਿਚ ੮੪ ਲੱਖ ਜੂਨਾਂ ਦੇ, ਮੁੜ ਮੁੜ ਗੇੜਾਂ ਦੇ ਅਮੁਕ ਚੱਕਰ ਨੂੰ ਸਮਝਣ ਲਈ, ਅਸੀਂ ਜੋਤਸ਼ ਦਾ ਸਹਾਰਾ ਲੈਂਦੇ ਹਾਂ। ਜੋਤਸ਼ ਅਨੁਸਾਰ ਇਸ ਸੰਸਾਰ ਦੀ ਉਮਰ ਚਾਰ ਅਰਬ ਬੱਤੀ ਕਰੋੜ ਸਾਲ ਹੈ, ਜਿਸ ਵਿਚੋਂ ਹੁਣ ਤਕ ੧,੯੭,੨੯,੪੯,੦੮੮ ਸਾਲ ਜਾਂ ਐਉਂ ਕਹਿ ਲਉ ਕਿ ਕਰੀਬ ਇਕ ਅਰਬ ਸਤਾਨਵੇਂ ਕਰੋੜ ਸਾਲ ਬੀਤ ਚੁਕੇ ਹਨ ਅਤੇ ਕਰੀਬ ਦੋ ਅਰਬ ਪੈਂਤੀ ਕਰੋੜ ਸਾਲ ਬਾਕੀ ਹਨ। ਇਸ ਤੋਂ ਪਿੱਛੋਂ ਇਹ ਸੰਸਾਰ ਆਪਣੇ ਸਰੋਤ ਮਹਾਨ ਸ਼ਕਤੀ ਵਿਚ ਲੀਨ ਹੋ ਜਾਵੇਗਾ। ਚਾਰ ਅਰਬ ਬੱਤੀ ਕਰੋੜ ਸਾਲ ਹੀ ਲੀਨਤਾ ਦੀ ਅਵੱਸਥਾ ਵਿਚ ਰਹੇਗਾ। ਸੰਸਾਰ ਦੇ ਵਜੂਦ ਨੂੰ ਬ੍ਰਹਮਾ ਦਾ ਇਕ ਦਿਨ, ਤੇ ਲੀਨਤਾ ਦੇ ਸਮੇਂ ਨੂੰ ਬ੍ਰਹਮਾ ਦੀ ਰਾਤ ਆਖਿਆ ਗਿਆ ਹੈ। ਇਸ ਵਿਚਾਰ ਅਨੁਸਾਰ ਅਸੀਂ ਬਗੈਰ ਕਿਸੀ ਕੋਸ਼ਿਸ਼ ਕੀਤਿਆਂ ਹੀ ੨੩੫ ਕਰੋੜ ਸਾਲ ਮਗਰੋਂ ਅਕਾਲ ਪੁਰਖ ਵਿਚ ਲੀਨ ਹੋ ਜਾਣਾ ਹੈ।

ਆਖਦੇ ਹਨ ਕਿ ਅਕਾਲ ਪੁਰਖ ਨੇ ੮੪ ਲਖ ਜੂਨ ਉਪਾਈ ਹੋਈ ਹੈ। ਕਈ ਜੂਨਾਂ ਦੀ ਉਮਰ ਹਜ਼ਾਰਾਂ ਸਾਂਲ, ਕਈਆਂ ਦੀ ਸੈਂਕੜੇ ਸਾਲ, ਕਈਆਂ ਦੀ ਕੁਝ ਹੀ ਸਾਲ, ਕਈਆਂ ਦੀ ਕੁਝ ਦਿਨ ਅਤੇ ਕਈਆਂ ਦੀ ਕੁਝ ਘੰਟੇ ਹੀ ਹੁੰਦੀ ਹੈ। ਆਪਣੇ ਮਨ ਨੂੰ ਸਮਝਾਉਣ ਲਈ ਜੇ ਔਸਤ ਉਮਰ ੨੦ ਸਾਲ ਲਾਈਏ ਤਾਂ ੮੪ ਲਖ ਜੂਨ ਦਾ ਇਕ ਗੇੜ ਕਟਣ ਲਈ ਲਗ ਪਗ ੧੭ ਕਰੋੜ ਸਾਲ ਲਗਦੇ ਹਨ। ਜਦੋਂ ਤਕ ਸੰਸਾਰ ਨੇ ਅਕਾਲ ਪੁਰਖ ਵਿਚ ਲੀਨ ਹੋਣਾ ਹੈ, ਸਾਨੂੰ ੮੪ ਲਖ ਜੂਨਾਂ ਦੇ ਲਗ ਪਗ ਚੌਦਾਂ ਚੱਕਰ ਕਟਣੇ ਪੈਣਗੇ।

ਇਨ੍ਹਾਂ ਵਿਚੋਂ ਬਹੁਤੀਆਂ ਜੂਨਾਂ ਤਾਂ ਐਸੀਆਂ ਹਨ ਕਿ ਇਕੋ ਜੂਨ ਦੇ ਕਸ਼ਟ ਕਟਣੇ ਔਖੇ ਲਗਦੇ ਹਨ; ਜਿਵੇਂ ਮੰਡੀਆਂ ਵਿਚ ਵੇਖਦੇ ਹਾਂ ਕਿ ਇਕ ਝੋਟਾ ਇਕ ਰੇੜ੍ਹੀ ਅਗੇ ਜੋੜਿਆ ਹੁੰਦਾ ਹੈ, ੨੫—੩੦ ਬੋਰੀਆਂ ਲਦੀਆਂ ਹੁੰਦੀਆਂ ਹਨ, ਗਰਮੀ ਦਾ ਮੌਸਮ ਹੁੰਦਾ ਹੈ, ਝੋਟਾ ਭਾਰ ਨਾਲ ਹਫੂ ਹਫੂ ਕਰਦਾ ਹੁੰਦਾ ਹੈ ਤੇ ਉਪਰੋਂ ਮਾਲਕ ਡੰਡੇ ਮਾਰਦਾ ਹੁੰਦਾ ਹੈ। ਖੋਤੇ ਤੇ ਇੱਟਾਂ ਲਦੀਆਂ ਹੁੰਦੀਆਂ ਹਨ। ਭਾਰ ਨਾਲ ਉਸ ਦੀਆਂ ਲੱਤਾਂ ਫਿਟੂ ਫਿਟੂ ਕਰਦੀਆਂ ਹਨ ਤੇ ਉਪਰੋਂ ਘੁਮਾਰ ਦੇ ਡੰਡੇ ਭੀ ਪੈਂਦੇ ਹਨ। ਇਸੀ ਤਰ੍ਹਾਂ ਹੋਰ ਅਨੇਕਾਂ ਜੂਨਾਂ ਦਾ ਹਾਲ ਸਮਝ ਲਵੋ। ੮੪ ਲਖ ਜੂਨਾਂ ਵਿਚੋਂ ਚੌਦਾਂ ਵਾਰ ਗੇੜਾ ਕਟਣ ਦੀ, ਜਾਂ ਦੂਜੇ ਲਫ਼ਜ਼ਾਂ ਵਿਚ (੮੪X੧੪ = ੧੧੭੬ ਲਖ ਜੂਨਾਂ) ਕੋਈ ਲਗ ਪਗ ੧੨ ਕਰੋੜ ਜੂਨਾਂ ਵਿਚੀਂ ਕਸ਼ਟ ਕਟਣ ਦੀ ਜੇ ਸਾਡੇ ਵਿਚ ਹਿੰਮਤ ਹੈ ਤਾਂ ਸਾਨੂੰ "ਲੀਨਤਾ" ਦਾ ਕੋਈ ਉਪਰਾਲਾ ਕਰਨ ਦੀ ਲੋੜ ਨਹੀਂ ਹੈ—ਸਮਾਂ ਆਉਣ ਤੇ ਅਕਾਲ ਪੁਰਖ ਵਿਚ ਲੀਨਤਾ ਆਪਣੇ ਆਪ ਹੀ ਹੋ ਜਾਵੇਗੀ।

ਜੇ ਸਾਡੇ ਵਿਚ ੧੨ ਕਰੋੜ ਵਾਰੀ ਜਨਮ ਲੈ ਲੈ ਕੇ ਕਸ਼ਟ ਕਟਣ ਦੀ ਹਿੰਮਤ ਨਹੀਂ ਤਾਂ ਸਾਨੂੰ ਸੋਚਣਾ ਹੀ ਪਵੇਗਾ ਕਿ ਅਸੀਂ ਜਨਮਾਂ ਦੇ ਇਸ ਲੰਮੇ ਚੱਕਰ ਨੂੰ ਤੇ ੨੩੫ ਕਰੋੜ ਸਾਲ ਦੇ ਸਮੇਂ ਨੂੰ ਕਿਵੇਂ ਘਟ ਤੋਂ ਘਟ ਕਰੀਏ ਕਿ ਅਸੀਂ ਵਧ ਤੋਂ ਵਧ ਛੇਤੀ ਅਕਾਲ ਪੁਰਖ ਵਿਚ "ਲੀਨਤਾ" ਪ੍ਰਾਪਤ ਕਰ ਸਕੀਏ। (ਬਾਕੀ ਚਲਦਾ)


www.AKJ.Org

# ਹਰੀ-ਮੰਦਰ ਕਿ ਸੁਨਹਿਰੀ ਮੰਦਰ ?

[ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨ ਨਗਰ, ਲੁਧਿਆਣਾ]

ਹਰੀਮੰਦਰ ਦੀ ਨੀਂਹ ਮਾਘੀ ਕਤਕ ਸੁਦੀ ੫, ਸੰਮਤ ੧੬੪੫ ਮੁਤਾਬਿਕ (੩੦ ਦਸੰਬਰ ਸੰਨ ੧੫੮੮) ਨੂੰ ਰੱਖੀ ਗਈ। ਇਸ ਨੰਨੇ ਲੇਖ ਵਿਚ ਇਹ ਦਰਸਾਇਆ ਹੈ ਕਿ ਇਹ 'ਹਰੀ ਮੰਦਰ' ਹੈ, 'ਸੁਨਹਿਰੀ ਮੰਦਰ' ਨਹੀਂ। ਇਹ ਗਾਡ-ਟੈਂਪਲ ਹੈ, ਗੋਲਡਨ ਟੈਂਪਲ ਨਹੀਂ। ਇਹ ਰੱਬ ਦਾ ਘਰ ਹੈ, ਸੋਨੇ ਦਾ ਮੰਦਰ ਨਹੀਂ। ਯੂਰਪੀ ਸੈਲਾਨੀ ਤੇ ਯਾਤਰੀ ਇਸ ਪਰਮ ਸਥਾਨ ਦੇ ਸੋਨੇ ਦੇ ਪੱਤਰਿਆਂ, ਸੰਗਮਰਮਰਾਂ ਤੇ ਮੀਨਾਕਾਰੀਆਂ ਨੂੰ ਸਰੀਰਕ ਅੱਖਾਂ ਨਾਲ ਦੇਖ ਕੇ ਚਕਾਚੌਂਧ ਹੋ ਕੇ ਭਟਕ ਗਏ ਤੇ ਇਸ ਨੂੰ ਗੋਲਡਨ ਟੈਂਪਲ ਕਹਿ ਉਠੇ। ਕਲਯੁਗੀ ਮਾਇਆ ਤੇ ਆਰਥਿਕ ਸੰਘਰਸ਼ ਨੇ ਉਨ੍ਹਾਂ ਦੀਆਂ ਅੰਦਰੂਨੀ ਰੂਹਾਨੀ ਅਧਿਆਤਮਿਕ ਅੱਖਾਂ ਬੰਦ ਹੀ ਕਰ ਰਖੀਆਂ ਹਨ। ਉਨ੍ਹਾਂ ਨੂੰ ਇਥੇ ਵਸਦੇ ਰੱਬ ਦੇ ਦਰਸ਼ਨ ਤਾਂ ਕੀ ਹੋਣੇ ਸਨ, ਝਾਉਲਾ ਤੱਕ ਨਹੀਂ ਪਿਆ। ਉਪਰੰਤ ਕੁਝ ਅਨਮਤੀ ਤੇ ਮਨਮਤੀ ਭੁੱਲੇ ਭਟਕੇ ਲੋਕਾਂ ਨੇ ਵੀ ਇਸ ਰੱਬ ਦੇ ਘਰ ਦੀ ਰੂਹਾਨੀ ਪਵਿੱਤਰਤਾ ਤੇ ਪਰਮ-ਸੱਤਾ ਵੱਲੋਂ ਪੱਖਪਾਤੀ ਹੋ ਕੇ ਸਵਰਨ ਮੰਦਰ ਆਖਣਾ ਆਰੰਭਿਆ ਹੋਇਆ ਹੈ।

**(੨) ਸਾਂਝੀਵਾਲਤਾ–**

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਸ਼ਾਲ ਨਿਰਪੱਖ ਹਿਰਦੇ ਤੇ ਪ੍ਰਤਿਭਾ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਲਈ ਮੁਸਲਮਾਨ ਸੂਫੀ ਫਕੀਰ, ਸਾਈਂ ਮੀਆਂਮੀਰ ਜੀ ਨੂੰ ਚੁਣਿਆ। ਸਮੇਂ ਅਨੁਸਾਰ ਇਹ ਇੱਕ ਕਰਾਂਤੀਕਾਰੀ ਕਦਮ ਸੀ। ਇਹ ਉਹ ਸਮਾਂ ਸੀ ਜਦੋਂ ਮੁਸਲਮਾਨ, ਹਿੰਦੂ ਮੰਦਰਾਂ ਤੇ ਮੂਰਤੀਆਂ ਨੂੰ ਢਹਿ-ਢੇਰੀ ਤੇ ਟੋਟੇ ਟੋਟੇ ਕਰ ਕੇ ਇਸਲਾਮ ਦੀ ਸੇਵਾ ਕਰ ਰਹੇ ਸਨ। ਇਸ ਕਰਾਮਾਤ ਨੇ ਜ਼ਮਾਨੇ ਨੂੰ ਪਲਟਾ ਦਿੱਤਾ। ਹਰੀਮੰਦਰ ਨੂੰ ਸਾਂਝੀਵਾਲਤਾ ਦਾ ਸਰੋਤ ਬਣਾ ਦਿੱਤਾ:–

ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥੯॥ (ਮਾਝ ਮ: ੫–੯੭)

ਅਤੇ– ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ, ਤਾ ਮੇਲੁ ਕੀਓ ਮੇਰੈ ਰਾਜਨ ॥੩॥੩॥ (ਧਨਾਸਰੀ ਮ: ੫–੬੭੧)

ਉਪਰੋਕਤ ਹੁਕਮਾਂ ਦਾ ਅਮਲੀ ਸਬੂਤ ਦਿਤਾ। ਇਸ਼ ਦਾ ਨਾਮ ਕਿਸੇ ਗੁਰੂ, ਰਿਸ਼ੀ, ਮੁਨੀ, ਦੇਵਤਾ ਜਾਂ ਧਾਰਮਿਕ ਇਸ਼ਟ ਦੇ ਨਾਮ ਤੇ ਨਹੀਂ ਰੱਖਿਆ, ਸਗੋਂ ਸਿੱਧਾ ਅਕਾਲ ਪੁਰਖ ਨਾਲ ਸੰਬੰਧ ਜੋੜ ਦਿੱਤਾ ਹੈ। ਇੱਥੇ ਹੀ ਭਾਦਰੋਂ ਸੁਦੀ ਇਕ, ਸੰਮਤ ੧੬੬੧ (ਸੰਨ ੧੬੦੪ ਈਸਵੀ) ਨੂੰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਸ ਹਰੀ ਮੰਦਰ ਦੇ ਅੰਦਰ–

ਪੋਥੀ ਪਰਮੇਸਰ ਕਾ ਥਾਨੁ ॥
ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧੧੩॥ (ਸਾਰੰਗ ਮ: ੫–੧੨੨੬)

ਦਾ ਪ੍ਰਕਾਸ਼ ਕਰ ਕੇ, ਪੋਥੀ ਨੂੰ ਬ੍ਰਹਮ-ਗਿਆਨ ਦਾ ਸੋਮਾ ਬਣਾ ਕੇ ਸਹਿਜ-ਧੁਨ-ਬਾਣੀ ਦੁਆਰਾ ਸੰਗਤਾਂ ਨੂੰ ਪਰਮ-ਆਤਮਾ-ਨਾਲ ਜੋੜਨ ਦਾ ਸਾਧਨ ਬਣਾ ਦਿਤਾ।

ਇਸ ਪੋਥੀ ਸਾਹਿਬ ਵਿਚ ਸਿੱਖ ਗੁਰੂਆਂ ਦੇ ਨਾਲ ਹੀ ਦਰਜ ਹੋਈ ਵਖ ਵਖ ਜਾਤੀਆਂ ਦੇ ਪ੍ਰਭੂ ਭਗਤਾਂ, ਗੁਰੂ ਵਰੋਸਾਏ ਭੱਟਾਂ ਤੇ ਢਾਡੀਆਂ ਦੀ ਬਾਣੀ ਵੀ ਸਾਂਝੀਵਾਲਤਾ ਦਾ ਸਬੂਤ ਦੇ ਰਹੀ ਹੈ।

ਹਰੀ ਮੰਦਰ ਦੇ ਚਹੁੰਆਂ ਦਿਸ਼ਾਵਾਂ ਵੱਲ ਚਾਰ ਦਰਵਾਜ਼ੇ ਰੱਖੇ ਤੇ ਚਹੁੰਆਂ ਹੀ ਵਰਨਾਂ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰਾਂ ਨੂੰ ਅੰਦਰ ਪਰਵੇਸ਼ ਕਰਨ ਦੀ ਖੁਲ੍ਹ ਦਿੱਤੀ। ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਹਰ ਇਸਤ੍ਰੀ-ਪੁਰਸ਼ ਲਈ, ਭਾਵੇਂ ਕਿਸੇ ਦੇਸ਼, ਧਰਮ ਜਾਂ ਸੰਪਰਦਾ ਨਾਲ ਸੰਬੰਧਿਤ ਹੋਵੇ, ਦਿਨ ਰਾਤ ਖੁਲ੍ਹੇ ਹਨ। ਕੋਈ ਛੂਤ ਛਾਤ, ਊਚ ਨੀਚ, ਪੱਖਪਾਤ ਨਹੀਂ ਹੈ। ਇਹ ਸਿਫਤਾਂ ਸੁਨਹਿਰੀ ਮੰਦਰ ਦੀਆਂ ਨਹੀਂ, ਸਰਬ-ਸਾਂਝੇ ਹਰੀ


www.AKJ.Org

ਮੰਦਰ ਦੀਆਂ ਹਨ।

ਸੰਨ ੧੬੦੦ ਵਿਚ ਹਰੀ ਮੰਦਰ ਜੀ ਮੁਕੰਮਲ ਹੋ ਗਏ ਤਾਂ ਪੰਜਵੇਂ ਪਾਤਸ਼ਾਹ ਨੇ ਸੂਹੀ ਰਾਗ ਵਿਚ ਸ਼ਬਦ ਉਚਾਰਿਆ–

ਹਰਿ ਜਪੇ ਹਰਿ ਮੰਦਰੁ ਸਾਜਿਆ, ਸੰਤ ਭਗਤ ਗੁਣ ਗਾਵਹਿ ਰਾਮ ॥੧॥......

ਮੇਰਾ ਘਰੁ ਬਨਿਆ, ਬਨੁ ਤਾਲੁ ਬਨਿਆ, ਪ੍ਰਭ ਪਰਸੇ ਹਰਿ ਰਾਇਆ ਰਾਮ ॥੪॥੪॥੭॥(ਪੰਨਾ ੭੮੧-੮੨)

## (੩) ਹਰੀ ਨਾਮ–

ਇਸ ਅਸਥਾਨ ਤੇ ਹਰੀ ਦੇ ਨਾਮ-ਸਿਮਰਨ ਤੋਂ ਬਿਨਾਂ ਕੋਈ ਗੱਲਬਾਤ ਨਹੀਂ ਕੀਤੀ ਜਾਂਦੀ, ਕੇਵਲ ਹਰੀ-ਜਸ ਹੀ ਗਾਇਆ ਜਾਂਦਾ ਹੈ। ਹਰ ਸਮੇਂ ਦਿਨ ਰਾਤ ਭਜਨ ਬਾਣੀ ਦਾ ਪਰਵਾਹ ਹੀ ਚਲਦਾ ਰਹਿੰਦਾ ਹੈ। ਪ੍ਰਭੂ-ਸਿਮਰਨ ਤੇ ਕੀਰਤਨ, ਆਰਥਿਕ ਘੋਲ ਵਿਚ ਹੰਭੇ-ਹਾਰੇ, ਭੁੱਲੇ-ਭਟਕੇ ਮਨਾਂ ਤੇ ਆਤਮਾਵਾਂ ਨੂੰ ਧੀਰਜ ਬਖਸ਼ਦਾ ਹੈ।

ਪ੍ਰੋਫੈਸਰ ਪੂਰਨ ਸਿੰਘ ਜੀ 'ਖੁਲ੍ਹੇ ਮੈਦਾਨ' ਵਿਚ ਲਿਖਦੇ ਹਨ :–

"ਇਹ ਗੁਰਾਂ ਵਾਲੀ ਧਰਤੀ ਹੈ, ਇੱਥੇ ਸੱਚਾ ਦਰਬਾਰ ਹੈ,
ਇਥੇ ਦਿਲ ਪਿਆ ਝੁਕਦਾ, ਸਿਰ ਪਿਆ ਨਿੰਵਦਾ।
ਇਥੇ ਪਿਆਰਾਂ ਮਲੋ ਮਲੀ ਪੈਂਦੀਆਂ।"

ਇੱਥੋਂ ਸਦੀਵਕਾਲ ਰੋਸ਼ਨੀ ਪ੍ਰਾਪਤ ਹੁੰਦੀ ਹੈ। ਸਿਫਤ-ਸਲਾਹ ਦਾ ਵਰਸਦਾ ਨੂਰ ਤ੍ਰੈਕਾਲ, ਤ੍ਰੈਲੋਕੀ ਨੂੰ ਸਦੀਵੀ ਸ਼ਾਂਤੀ, ਸੁਖ ਤੇ ਪਿਆਰ ਦੀਆਂ ਬਖਸ਼ਿਸ਼ਾਂ ਕਰਦਾ ਹੈ। ਸੀਤਲ ਜਲ ਦੇ ਵਿਚਾਲੇ ਸੀਤਲ ਕੀਰਤਨ ਸੰਸਾਰੀ ਜੀਵਾਂ ਦੇ ਸਰੀਰਾਂ ਤੇ ਮਨਾਂ ਦੀ ਹੰਕਾਰੀ ਤੇ ਕਾਮੀ ਅਗਨੀ ਨੂੰ ਸੀਤ ਕਰਦਾ ਹੈ। ਇਹ ਹਰੀ ਮੰਦਰ ਹੈ, ਸੁਨਹਿਰੀ ਮੰਦਰ ਨਹੀਂ। ਤਦੇ ਹੀ ਤਾਂ ਇਥੇ ਸਰੀਰ, ਮਨ ਅਤੇ ਆਤਮਾ ਗੂੜ੍ਹਾ ਮਿੱਠਾ ਰਸ ਮਾਣ ਕੇ ਖੇੜੇ ਵਿਚ ਵਿਗਸਦੇ ਹਨ। ਇਹ ਅਨੰਦ, ਸੁਰਤ ਦੇ ਸ਼ਬਦ ਨਾਲ ਜੁੜ ਜਾਣ ਸਦਕਾ ਅਨੁਭਵ ਹੁੰਦਾ ਹੈ। ਬੰਦਾ ਆਪ ਹੀ ਅਨੰਦ ਸਰੂਪ ਬਣ ਜਾਂਦਾ ਹੈ। ਪ੍ਰਭੂ ਨਾਲ ਇੱਕ-ਮਿੱਕ ਹੋਇਆ ਜਾਂ ਪ੍ਰਭੂ ਨੂੰ ਰੋਮ ਰੋਮ ਵਿਚ ਸਮਾਇਆ ਮਹਿਸੂਸਦਾ ਹੈ।

## (੪) ਅੰਮ੍ਰਿਤ ਵੇਲਾ–

ਰਾਤ ਦੇ ਪਿਛਲੇ ਪਹਿਰ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਜੀ ਦੇ ਦਰਸ਼ਨ ਕਰੀਏ ਤਾਂ ਇਕ ਅਲੌਕਿਕ ਜਜ਼ਬਿਆਂ, ਵਲਵਲਿਆਂ ਭਰਪੂਰ ਰੱਬੀ ਦ੍ਰਿਸ਼ ਮਨਾਂ, ਸਰੀਰਾਂ ਤੇ ਆਤਮਾਵਾਂ ਨੂੰ ਰਸੀਲਾ ਬਣਾਂਦਾ ਤੇ ਝਰਨਾਟਾਂ ਛੇੜਦਾ ਹੈ। ਇਹ ਅਧਿਆਤਮਕ ਖ਼ੁਮਾਰੀ ਦਾ ਵਾਤਾਵਰਨ ਹੁੰਦਾ ਹੈ। ਇਸ ਸਮੇਂ ਸਚਖੰਡੀ ਅਨੰਦ ਦੇ ਅਨੂਪਮ ਰਸ ਪ੍ਰਾਪਤ ਹੁੰਦੇ ਹਨ। ਗੁਰਬਾਣੀ ਗਾਇਨ ਸਦਕਾ ਅੰਦਰਲੀਆਂ ਡੂੰਘਾਣਾਂ ਵਿਚੋਂ ਪੁੰਗਰੀਆਂ ਤਰੰਗਾਂ ਬੈਕੁੰਠੀ ਨਜ਼ਾਰੇ ਪੇਸ਼ ਕਰਦੀਆਂ ਹਨ। ਸੰਗਤਾਂ ਇਸ ਅਮਿਉ ਰਸ ਨੂੰ ਰਜ ਰਜ ਮਾਣਦੀਆਂ ਹਨ। ਇਹ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" (੯੪੩) ਦੀ ਪਾਰਸ-ਕਲਾ ਹੈ, ਜਿਸ ਦੁਆਰਾ ਅੰਮ੍ਰਿਤ-ਕਲਾ ਅਭਿਆਸੀਆਂ ਦੇ ਅੰਤਰ-ਆਤਮੇ ਪਰਵੇਸ਼ ਕਰਦੀ ਹੈ। ਇਸ ਤਰ੍ਹਾਂ ਪ੍ਰਭੂ ਦੀ ਜਾਗਤ-ਜੋਤਿ ਦਾ ਘਟ ਘਟ ਵਿਚ ਪ੍ਰਕਾਸ਼ ਹੁੰਦਾ ਹੈ।

ਇਹ ਉਹ ਸਮਾਂ ਹੁੰਦਾ ਹੈ ਜਦੋਂ ਮਨ ਦੁਨਿਆਵੀ ਝੰਜਟਾਂ ਤੋਂ ਆਜ਼ਾਦ ਹੁੰਦਾ ਹੈ ਅਤੇ ਬੁਰਿਆਈਆਂ ਤੇ ਅਪਰਾਧਾਂ ਦਾ ਭੂਤ ਸੁੱਤਾ ਹੁੰਦਾ ਹੈ। ਪ੍ਰਭੂ-ਪ੍ਰੇਮੀ ਆਹਮੋ-ਸਾਹਮਣੇ ਆਪਣੇ ਪ੍ਰਿਅ ਨਾਲ ਗੱਲਾਂ ਕਰਦੇ ਹਨ। ਇਹੋ ਹਰੀ-ਮੰਦਰ ਹੈ।

ਅੰਮ੍ਰਿਤ ਵੇਲੇ ਜਾਗ ਕੇ ਨਾਮ ਬਾਣੀ ਨਾਲ ਜੁੜਨਾ ਤੇ ਰੱਬੀ ਬਾਣੀ ਦਾ ਕੀਰਤਨ ਸੁਣਨਾ ਮਾਣਨਾ ਪ੍ਰਭੂ ਦੀ ਉਤਮ ਬਖ਼ਸ਼ਿਸ਼ ਹੈ। ਉਹ ਧੰਨ ਹਨ ਜੋ ਰਾਤ ਦੇ ਪਿਛਲੇ ਪਹਿਰ, ਤੜਕੇ ਹੀ ਹਰੀ-ਮੰਦਰ ਅੰਦਰ ਗੁਰਬਾਣੀ ਅਤੇ ਆਸਾ ਦੀ ਵਾਰ ਦੇ ਕੀਰਤਨ ਦੇ ਅੰਮ੍ਰਿਤ-ਭੋਜਨ ਛੂੰਚਦੇ ਤੇ ਗ੍ਰਹਿਣ ਕਰਦੇ ਹਨ। ਕੀਰਤਨ ਦੁਆਰਾ


www.AKJ.org

ਸੁਣੇ ਗੁਰ-ਹੁਕਮ ਆਤਮਾ ਵਿਚ ਪਰਵੇਸ਼ ਕਰਦੇ ਹਨ । ਇਹ ਗੁਰੂ ਕੇ ਸਚਿਆਰ ਸਿਖ ਕਰਤਾ ਪੁਰਖ ਦੇ ਈਸ਼ਵਰੀ ਤੇ ਮਨੁੱਖੀ ਨਿਯਮਾਂ ਅਨੁਸਾਰ, ਆਪਣੇ ਨਿਤਾਪ੍ਰਤੀ ਦੇ ਕੰਮਾਂ ਕਾਜਾਂ, ਕਾਰਾਂ-ਵਿਹਾਰਾਂ, ਬਚਨਾਂ-ਵਿਚਾਰਾਂ, ਇਰਾਦਿਆਂ ਤੇ ਅਮਲਾਂ ਲਈ ਗੁਰਬਾਣੀ ਤੋਂ ਸੇਧ ਲੈ ਕੇ ਨਿਜੀ ਜੀਵਨ ਸਫਲਾ ਕਰਦੇ ਹਨ। ਉਸ ਸਮੇਂ ਭਰਪੂਰ ਮਨਾਂ ਵਿਚੋਂ ਪਾਵਨ ਵਿਚਾਰਾਂ ਦੇ ਚਸ਼ਮੇ ਵਗਦੇ ਹਨ ਅਤੇ ਅਗੰਮੀ ਮੰਡਲਾਂ ਦੀਆਂ ਉਡਾਰੀਆਂ ਦੇ ਅਨੰਦ ਮਾਣੇ ਜਾਂਦੇ ਹਨ । ਉਸ ਸਮੇਂ ਦੀ ਅਰਦਾਸ ਮਨਾਂ ਨੂੰ ਉਚਾ, ਆਤਮਾਵਾਂ ਨੂੰ ਨਿਰਮਲ ਤੇ ਸਰੀਰਾਂ ਨੂੰ ਪਰਉਪਕਾਰੀ ਬਣਾ ਕੇ ਪਰਮ-ਆਤਮਾ ਦੇ ਨੇੜੇ ਨੇੜੇ ਲੈ ਜਾ ਕੇ, ਨਾਲ ਹੀ ਮਿਲਾ ਦਿੰਦੀ ਹੈ। ਅੰਮ੍ਰਿਤ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੁਗੋ ਜੁਗ ਅਟੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੁੰਦਰ ਪਾਲਕੀ ਵਿਚ ਚਲਣ ਸਮੇਂ ਅਕਾਲ ਪੁਰਖ ਪ੍ਰਤਖ ਸੰਗਤਾਂ ਦੇ ਹਿਰਦਿਆਂ ਵਿਚ ਪਰਵਿਰਤ ਹੋ ਕੇ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" (੯੪੩) ਦਾ ਰਾਗ ਅਲਾਪਦਾ ਹੈ। ਅਜਿਹਾ ਰੱਬੀ ਨਜ਼ਾਰਾ ਹਰੀ ਮੰਦਰ ਵਿਚ ਹੀ ਵਾਪਰ ਸਕਦਾ ਹੈ।

### (੫) ਗੁਰੂ-ਚਰਨ–

ਗੁਰੂ-ਘਰ ਦਾ ਇਹ ਰਹੱਸ ਹੈ ਕਿ ਜਿਥੇ ਵੀ ਗੁਰੂ ਸਾਹਿਬ ਨੇ ਕਦਮ ਰੱਖਿਆ, ਉਸ ਥਾਂ ਦੀ ਧਰਤੀ ਪੂਜਣ ਯੋਗ ਹੋ ਕੇ ਸਿੱਖਾਂ ਦੇ ਮੱਥੇ ਦਾ ਸ਼ਿੰਗਾਰ ਬਣ ਜਾਂਦੀ ਹੈ।

ਜਿਥੈ ਬਾਬਾ ਪੈਰ ਧਰੈ, ਪੂਜਾ ਆਸਣ ਥਾਪਣਿ ਸੋਆ ॥ (ਭਾਈ ਗੁਰਦਾਸ ਜੀ, ਵਾਰ ੧–੨੭)

ਅਤੇ– ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥ (੪੫੦)

ਜਿਥੇ ਸ੍ਰੀ ਗੁਰੂ ਸਰੂਪ ਬਿਰਾਜਮਾਨ ਹੋਣ, ਉਹ ਅਸਥਾਨ ਪੂਜਣ ਯੋਗ, ਸੁੰਦਰ ਤੇ ਪਾਵਨ ਹੋ ਜਾਂਦਾ ਹੈ। ਪਵਿੱਤਰ ਹੋਈ ਧਰਤੀ ਲਈ ਸਿੱਖਾਂ ਦੀ ਤੜਪ ਇਉਂ ਲਿਖੀ ਹੈ :–

ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥<br>
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥<br>
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥੧੯॥ (੪੫੦)

ਗੁਰੂ-ਛੋਹ-ਪ੍ਰਾਪਤ ਹੋਏ ਜੰਡ, ਕਰੀਰ, ਪਿੱਪਲ, ਬੇਰੀਆਂ, ਪਲਾਹੀਆਂ, ਟਾਹਲੀਆਂ ਤੇ ਰੇਰੂ ਵੀ ਅਮਰ ਹੋ ਗਏ ਅਤੇ ਉਹ 'ਸਾਹਿਬ' ਬਣ ਗਏ। ਸ੍ਰੀ ਹਰੀ-ਮੰਦਰ ਤੇ ਸੁਧਾ-ਸਰ ਵਾਲੀ ਥਾਂ ਤੇ ਹਜ਼ਾਰਾਂ ਹੀ ਸਾਲ ਜਪ ਤਪ ਸਿਮਰਨ ਸਮਾਧੀਆਂ ਲਗਦੀਆਂ ਰਹੀਆਂ।

ਬੀਬੀ ਰਜਨੀ ਜੀ ਦੇ ਸਚੇ-ਸੁਚੇ, ਪਵਿੱਤਰ-ਪਾਵਨ ਪਤੀਬ੍ਰਤਾ ਧਰਮ, ਸਬਰ-ਸਿਦਕ ਤੇ ਰਾਜ਼ਿਕ ਦੀ ਰਜ਼ਾ ਅੰਦਰ ਰਾਜ਼ੀ ਰਹਿਣ ਵਾਲੇ ਸੁਚੇ ਆਚਰਣ ਨੇ ਇਸ ਦੀ ਵਡਿਆਈ ਨੂੰ ਪਰਤੱਖ ਕੀਤਾ ਤੇ ਸ੍ਰੀ ਗੁਰੂ ਰਾਮ ਦਾਸ ਜੀ ਨੇ ਉਸ ਦੰਪਤੀ ਤੇ ਬਖ਼ਸ਼ਸ਼ ਕਰ ਕੇ ਉਨ੍ਹਾਂ ਨੂੰ ਨਿਵਾਜਿਆ।

ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰ ਦਾਸ ਜੀ ਦੀ ਆਗਿਆ ਪਾ ਕੇ, ਇਸ ਨਗਰੀ ਅਤੇ ਸਰੋਵਰ ਦਾ ਕਾਰਜ ਅਰੰਭਿਆ ਅਤੇ ਸਿਖ ਸੰਗਤਾਂ ਦੇ ਨਾਲ ਆਪਣੇ ਸੀਸ ਤੇ ਟੋਕਰੀ ਢੋਹ ਕੇ ਇਸ ਕਾਰਜ ਨੂੰ ਸਿਰੇ ਚੜ੍ਹਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਰੋਵਰ ਵਿਖੇ ਸ੍ਰੀ ਹਰਿਮੰਦਰ ਨੂੰ ਸੰਪੂਰਨ ਕਰ ਕੇ, ਇਸ ਨੂੰ ਧਰਮ ਕਰਮ ਦਾ ਪੁਨੀਤ ਅਸਥਾਨ ਥਾਪਿਆ। ਅਤੇ ਫ਼ੁਰਮਾਇਆ :—

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥<br>
ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥<br>
ਸਭਿ ਕੁਸਲ ਖੇਮ ਪ੍ਰਭਿ ਧਾਰੇ ॥<br>
ਸਹੀ ਸਲਾਮਤਿ ਸਭਿ ਥੋਕ ਉਬਾਰੇ, ਗੁਰ ਕਾ ਸਬਦੁ ਵੀਚਾਰੇ ॥ਰਹਾਉ॥ (ਸੋਰਠਿ ਮ: ੫, ਪੰਨਾ ੬੨੫)

### (੬) ਹਰੀਮੰਦਰ ਕਿ ਸਰੀਰ ਮੰਦਰ—

ਹਰੀਮੰਦਰ ਦੀ ਪਾਵਨ ਇਮਾਰਤ ਕਿਸੇ ਦੁਨਿਆਵੀ ਬਾਦਸ਼ਾਹ ਦੀ ਦੇਣ ਨਹੀਂ, ਇਹ ਸੰਗਤਾਂ ਦੀ ਸੇਵਾ


www.AKJ.Org

ਤੇ ਸ਼ਰਧਾ ਦੁਆਰਾ ਉਸਾਰੀ ਗਈ ਸੀ। ਇਹ ਸਿੱਖ ਸੰਗਤਾਂ ਦੀ ਜ਼ਰ-ਖਰੀਦ ਜ਼ਮੀਨ ਹੈ, ਅਕਬਰ ਜਾਂ ਕਿਸੇ ਹੋਰ ਬਾਦਸ਼ਾਹ ਦੀ ਦੇਣ ਨਹੀਂ ਹੈ। ਗੁਰੂ ਸਾਹਿਬ ਜਾਗੀਰਾਂ ਨਹੀਂ ਸਨ ਲੈਂਦੇ, ਸਗੋਂ ਸੰਗਤਾਂ ਦੀ ਦਸਾਂ ਨਹੁੰਆਂ ਦੀ ਕਮਾਈ ਨੂੰ ਸ੍ਰੇਸ਼ਟ ਤੇ ਉਤਮ ਸਮਝਦੇ ਸਨ। ਇਹ ਸਿੱਖ ਸਭਿਅਤਾ ਤੇ ਧਰਮ ਦਾ ਕੇਂਦਰ ਬਣਿਆ। ਇਹ ਸਿੱਖ ਪੰਥ ਦਾ ਹਿਰਦਾ ਹੈ, ਆਤਮਾ ਹੈ, ਜਾਨ ਹੈ। ਸਿੱਖ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਵਸਿਆ ਹੋਵੇ, ਹਰੀਮੰਦਰ ਦੇ ਦਰਸ਼ਨਾਂ ਦੀ ਤਾਂਘ ਵਿਚ ਹਰੀਮੰਦਰ ਵੱਲ ਅੱਡੀਆਂ ਚੁੱਕ ਚੁੱਕ ਦੇਖਦਾ ਹੈ। ਇਹ ਸਿੱਖਾਂ ਤੇ ਸਿੱਖੀ ਦਾ ਮੁਖ-ਅਸਥਾਨ ਹੈ। ਇਹ ਅਠਾਹਠ ਤੀਰਥਾਂ ਦਾ ਸਮੂਹ ਹੈ। ਨਿਮਰੀਭੂਤ ਹੋ ਜੁੜ ਬੈਠਿਆਂ ਇਹ ਅਸਥਾਨ ਸਭ ਮਨੋ-ਕਾਮਨਾਂ ਪੂਰਨ ਕਰਦਾ ਹੈ। ਇਥੇ ਰਾਜੇ ਤੇ ਨਿਰਧਨ ਇਕ-ਸਮਾਨ ਹਨ। ਸਤਿਗੁਰੂ ਜੀ ਆਪ ਫੁਰਮਾਉਂਦੇ ਹਨ :-

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥੧੦॥ (ਪੰਨਾ ੧੩੬੨)

ਇਹ ਅਸਥਾਨ ਸਿਰਜਣਹਾਰ ਨੇ ਆਪ ਚੁਣਿਆ ਤੇ ਆਪ ਸਥਾਪਨ ਕੀਤਾ ਹੈ, ਇਸੇ ਸਦਕਾ ਇਹ ਅਤੀ ਮਹਾਨ ਅਤੇ ਸੁੰਦਰ ਹੈ। ਇਹ ਮੰਦਰ ਸੱਚੇ ਨੇ ਆਪਣੇ ਲਈ ਬਣਾਇਆ, ਆਪ ਹੀ ਇਸ ਵਿਚ ਵਾਸਾ ਕੀਤਾ। ਇਹ ਧਰਤੀ ਤੇ 'ਸੱਚਖੰਡ' ਹੈ।

ਅਨੇਕਾਂ ਹੀ ਜਗਿਆਸੂਆਂ ਨੇ ਇਥੇ ਅੰਮ੍ਰਿਤ-ਨਾਮ ਦੀ ਪਵਿੱਤਰ ਬੂੰਦ ਨੂੰ ਉਰਿ-ਧਾਰ ਕੇ ਆਧਾਰ ਬਣਾਇਆ ਤੇ ਉਧਾਰ ਦੀ ਪ੍ਰਾਪਤੀ ਕੀਤੀ। ਜਗਿਆਸੂ ਆਪਣਾ ਮੂਲ ਪਛਾਣ ਗਿਆ। ਇਹ ਕੇਵਲ ਕੰਧਾਂ ਕੋਠਿਆਂ ਦੀ ਉਸਾਰੀ ਨਹੀਂ। ਅਸਾਂ ਇਸ ਅਸਥਾਨ ਤੇ ਲਗੇ ਸੋਨੇ, ਸੰਗਮਰਮਰ ਤੇ ਮੀਨਾਕਾਰੀਆਂ ਦੇ ਭੁਲੇਖਿਆਂ ਵਿਚ ਨਹੀਂ ਪੈਣਾ। ਇਹ ਮਨੁੱਖੀ ਸਰੀਰ ਹੈ, ਜਿਸ ਦੇ ਹਿਰਦੇ ਅੰਦਰ ਹਰੀ ਦਾ ਘਰ ਹੈ। ਇਸ ਦੀ ਉਸਾਰੀ ਤੋਂ ਪਹਿਲਾਂ ਹੀ ਸਤਿਗੁਰੂ ਅਮਰਦਾਸ ਜੀ ਪ੍ਰਭਾਤੀ ਰਾਗ ਵਿਚ ਫੁਰਮਾ ਗਏ ਹਨ--

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥
ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮਾਲਿ ॥੧॥......
ਹਰਿ ਮੰਦਰੁ ਏਹੁ ਸਰੀਰੁ ਹੈ, ਗਿਆਨਿ ਰਤਨਿ ਪਰਗਟ ਹੋਇ ।।
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ, ਰਖਿਆ ਹੁਕਮਿ ਸਵਾਰਿ ॥੩॥......
ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥......
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ, ਨਾ ਬੂਝਹਿ ਮੁਗਧ ਗਵਾਰ ॥੭॥......
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥ (ਪੰਨਾ ੧੩੪੬)

ਇਸੇ ਨੂੰ ਗੁਰੂ ਜੀ ਨੇ 'ਹਰਿ ਕਾ ਹਾਟੁ' ਦਸਿਆ ਹੈ, ਜਿਥੋਂ ਸ਼ਬਦ, ਨਾਮ-ਸਿਮਰਨ ਦਾ ਸੌਦਾ ਮਿਲਦਾ ਹੈ :-

ਹਰਿਮੰਦਰੁ ਹਰਿ ਕਾ ਹਾਟੁ ਹੈ, ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥ (ਮਹਲਾ ੩, ਪੰਨਾ ੧੩੪੬)

ਗੁਰੂ-ਪਰੰਪਰਾ ਮਨੁੱਖ ਦੀ ਏਕਤਾ ਅਤੇ ਬਰਾਬਰਤਾ ਦੀ ਹਾਮੀ ਸੀ, ਜਿਸ ਦਾ ਸੰਕਲਪ ਤੇ ਪ੍ਰਯੋਜਨ ਗੁਰੂ ਜੀ ਨੇ ਇਸ ਸ਼ਬਦ ਵਿਚ ਦੱਸਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਧਰਤੀ ਤੇ ਰੂਪਮਾਨ ਕੀਤਾ। ਇਹ ਮੰਦਰ ਹਰੀ ਨੇ ਆਪ ਸਾਜ-ਸਵਾਰਿਆ। ਇਹ ਗੁਣ ਹਰੀ ਮੰਦਰ ਦੇ ਹਨ, ਸੁਨਹਿਰੀ ਮੰਦਰ ਦੇ ਨਹੀਂ।

"ਪਰ ਹਰ ਵਿਅਕਤੀ ਇਸ ਅਸਲੀਅਤ ਨੂੰ ਨਹੀਂ ਜਾਣਦਾ। ਆਪਣੇ ਸਰੀਰ-ਮੰਦਰ ਵਿਚ ਵਸ ਰਹੇ ਹਰੀ ਦੀ ਸੂਝ ਸਿਆਣ ਲਈ ਹੀ ਗੁਰਦੇਵ ਜੀ ਦਾ ਮਨੁਖਤਾ ਉਪਰ ਇਹ ਪਰਉਪਕਾਰ ਹੈ ਕਿ ਉਹਨਾਂ ਇਸ ਧਰਤੀ ਪੁਰ ਐਸਾ ਹਰਿਮੰਦਰ ਪ੍ਰਗਟ ਕੀਤਾ ਹੈ ਜਿਸ ਦੇ ਦਰਸ਼ਨ ਕਰ, ਅੰਮ੍ਰਿਤ ਸਰੋਵਰ ਵਿਚ ਟੁਭੀ


www.AKJ.org

ਲਾ, ਅਲਾਹੀ ਬਾਣੀ ਦਾ ਕੀਰਤਨ ਸੁਣ ਅਤੇ ਪੰਗਤ-ਸੰਗਤ ਦੀ ਹੱਥੀਂ ਸੇਵਾ ਕਰ, ਜਗਿਆਸੂ ਨੇ ਇਥੇ ਹਰ, ਦੇ ਪਰਤੱਖ ਦਰਸ਼ਨ ਕਰਦਿਆਂ ਆਪਣੇ ਅੰਦਰ ਵੀ ਹਰੀ ਪਰਮਾਤਮਾ ਦੀ ਹੋਂਦ ਨੂੰ ਮਹਿਸੂਸ ਕਰ ਲੈਣਾ ਹੈ, ਅਤੇ ਫਿਰ ਨਾਮ; ਦਾਨ, ਇਸ਼ਨਾਨ ਦੀ ਇਹ ਬਖ਼ਸ਼ਿਸ਼ ਜੋ ਹਰਿਮੰਦਰ ਸਾਹਿਬ ਆ ਕੇ ਪ੍ਰਾਣੀ ਨੇ ਪ੍ਰਾਪਤ ਕੀਤ ਹੁੰਦੀ ਹੈ, ਉਸ ਉਪਰ ਅਮਲ ਜਾਰੀ ਰੱਖਦਿਆਂ ਪ੍ਰਭੂ ਪਰਮਾਤਮਾ ਨਾਲ ਸਦੀਵ ਜੁੜੇ ਰਹਿਣਾ ਹੈ।''

(ਗੁਰਮਤਿ ਪ੍ਰਕਾਸ਼, ਅਕਤੂਬਰ ੮੭)

## (੭) ਸੰਤ ਸਿਪਾਹੀ–

ਜਗਿਆਸੂ ਇਥੇ ਅੰਤਰ-ਆਤਮੇ ਪਰਮਾਤਮਾ ਦੇ ਪਰਤੱਖ ਦਰਸ਼ਨ ਕਰ ਕੇ, ਹਿਰਦੇ ਅੰਦਰ ਵਸਦੇ ਪਰਮਾਤਮਾ ਨੂੰ ਪਾ ਕੇ ਸਰੂਰ ਤੇ ਅਨੰਦ ਮਾਣਦਾ ਹੈ। ਇਥੋਂ ਦਾ ਵਾਤਾਵਰਨ ਦੇਖ ਕੇ ਸਰਬ-ਵਿਆਪੀ-ਪਰਮਾਤਮਾ ਸੰਬੰਧੀ ਵਿਸ਼ਵਾਸ ਦੀ ਉਪਜ ਹੁੰਦੀ ਹੈ ਤੇ ਨਾਲ ਹੀ ਹਿਰਦੇ ਅੰਦਰ ਪਰਮਾਤਮਾ ਰੂਪਮਾਨ ਹੋ ਜਾਂਦਾ ਹੈ। ਉਸ ਅੰਦਰ ਸਚਾਈ ਤੇ ਡਟ ਜਾਣ ਦੀ ਸ਼ਕਤੀ ਬਲਵਾਨ ਹੋ ਜਾਂਦੀ ਹੈ। ਡਰ ਦੀ ਨਵਿਰਤੀ ਹੋ ਜਾਂਦੀ ਹੈ। ਉਹ ਸਚਾਈ ਤੇ ਸੁਦ੍ਰਿੜ੍ਹ ਹੋ ਕੇ ਪਹਿਰਾ ਦਿੰਦਾ ਹੈ, ਕਿਸੇ ਦਾ ਰੁਹਬ ਨਹੀਂ ਝਲਦਾ। ਉਹ ਜ਼ਾਲਮ ਨੂੰ ਲਲਕਾਰਦਾ ਹੈ, ਦੁਸ਼ਟ ਨਾਲ ਟੱਕਰ ਲੈਂਦਾ ਹੈ। ਗਊ ਗਰੀਬ ਦੀ ਰੱਖਿਆ ਕਰਦਾ ਹੈ, ਵੰਡ ਕੇ ਛਕਦਾ ਹੈ। ਇਹ ਇਕ ਸੁਭਾਵਿਕ ਤਬਦੀਲੀ ਹੈ, ਜੋ ਜਗਿਆਸੂ ਅੰਦਰ ਹਰੀ ਮੰਦਰ ਦੇ ਦਰਸ਼ਨਾਂ ਸਦਕਾ ਪਰਵਿਰਤ ਹੁੰਦੀ ਹੈ। ਇਹੋ ਸੰਤ ਸਿਪਾਹੀ ਹੈ, ਜੋ ਗੁਰਬਾਣੀ ਵਿਚ ਗਲਤਾਨ ਹੋਇਆ ਜਾਨ ਤੱਕ ਦੀ ਕੁਰਬਾਨੀ ਦੇ ਦਿੰਦਾ ਹੈ। ਇਹ ਸਾਰਾ ਮਾਹੌਲ ਮਨੁੱਖ ਦੇ ਅੰਦਰ ਸੁ-ਰੁਚੀਆਂ ਨੂੰ ਉਤਪੰਨ ਕਰ ਕੇ ਨਵਾਂ ਜੀਵਨ ਦਾਨ ਕਰਦਾ ਹੈ ਅਤੇ ਉਸ ਨੂੰ ਰੱਬ ਨਾਲ ਇਕਮਿਕ ਕਰਦਾ ਹੈ। ਅਜਿਹੀ ਕਰਾਮਾਤ ਹਰੀ ਦੇ ਮੰਦਰ ਅੰਦਰ ਹੀ ਵਾਪਰ ਸਕਦੀ ਹੈ, ਸੋਨੇ ਦੇ ਮੰਦਰ ਅੰਦਰ ਨਹੀਂ।

ਇਸ ਪਰਮ, ਪਾਵਨ, ਪਵਿੱਤਰ, ਪੁਨੀਤ ਹਰੀ ਮੰਦਰ ਤੋਂ ਈਸ਼ਵਰੀ ਨਾਦ, ਭਾਵ, ਹਰੀ-ਕੀਰਤਨ ਦਾ ਆਵਾਜ਼ਾ ਪਿਛਲੇ ਚਾਰ ਸੋ ਸਾਲ ਤੋਂ ਲਗਾਤਾਰ, ਵਾਤਾਵਰਨ ਨੂੰ ਸੁਗੰਧਿਤ ਕਰਦਾ ਆ ਰਿਹਾ ਹੈ। ਇਸ ਧੁਨੀ ਅੰਦਰ ਜਦੋਂ ਕਦੇ ਵੀ ਗੁਰੂ-ਦੋਖੀਆਂ ਨੇ (ਅਥਵਾ ਅਖੌਤੀ ਸਿੱਖਾਂ ਨੇ) ਵਿਘਨ ਪਾਇਆ ਤਾਂ ਸਿਦਕੀ ਸਿੰਘ ਇਸ ਦੀ ਹੋਂਦ ਨੂੰ ਕਾਇਮ ਰਖਣ ਲਈ ਡਟ ਗਏ ਅਤੇ ਆਪਣੀਆਂ ਜਾਨਾਂ ਵਾਰ ਕੇ ਵੀ ਇਸ ਅਗੰਮੀ ਤੇ ਅਲਾਹੀ ਧੁਨੀ ਨੂੰ ਮੁੜ ਬਹਾਲ ਕਰ ਕੇ ਸਾਹ ਲਿਆ। ਅਜਿਹੇ ਰੱਬੀ ਰੰਗ ਵਿਚ ਭੰਗ ਪਾਉਣ ਵਾਲੇ ਆਪਣੀ ਮੌਤੇ ਆਪ ਹੀ ਮਰਦੇ ਰਹੇ ਤੇ ਨਾਲ ਹੀ ਆਪਣੇ ਰਾਜ ਭਾਗ ਦਾ ਵੀ ਭੋਗ ਪਾਉਂਦੇ ਰਹੇ।

ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ

# ਬੈਕੁੰਠ ਧਾਮ

[ਪ੍ਰਿੰਸੀਪਲ ਨਾਹਰ ਸਿੰਘ ਜੀ]

ਪਵਿੱਤਰ ਪਾਵਨ ਵਲਵਲਿਆਂ, ਤਾਂਘਾਂ ਅਤੇ ਰੀਝਾਂ ਵਾਲੇ ਗੁਰੂ-ਪਿਆਰਿਆਂ ਅਤੇ ਪ੍ਰਭੂ-ਪ੍ਰੀਤਮ ਦੇ ਚਰਨਾਂ ਦਾ ਰਸ ਮਾਣ ਰਹੇ ਭਵਰਿਆਂ ਦਾ ਸਮੂਹ ਬੈਕੁੰਠ ਧਾਮ ਹੈ। ਸਤਿਗੁਰਾਂ ਨੇ ਇਸੇ ਬੈਕੁੰਠ ਨੂੰ ਹਰੀ-ਮੰਦਰ ਦੇ ਰੂਪ ਵਿਚ ਧਰਤੀ ਤੇ ਰੂਪਮਾਨ ਕਰ ਦਿਤਾ ਹੈ। ਸੂਹੀ ਰਾਗ ਵਿਚ ਸਤਿਗੁਰੂ ਅਰਜਨ ਦੇਵ ਜੀ ਫ਼ੁਰਮ ਦੇ ਹਨ :–

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥
ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥ ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ਰਹਾਉ॥(੭੪੨)

ਇਹੋ ਬੈਕੁੰਠ, ਸ਼ਬਦ-ਗਿਆਨ ਤੇ ਸ਼ਬਦ-ਵਿਚਾਰ ਦਾ ਮੁਖ ਸਰੋਤ ਹੈ। ਇਥੋਂ ਹੀ ਰੱਬੀ ਹੁਕਮ ਨੂੰ ਬੁਝ ਕੇ ਸਚਿਆਰ ਬਣੀਦਾ ਹੈ। ਸ਼ਬਦ ਜਾਂ ਨਾਮ ਵਿਚ ਜੁੜੀ ਸੰਗਤ ਹੀ ਬੈਕੁੰਠ-ਧਾਮ ਜਾਂ ਪ੍ਰਭੂ ਦਾ ਨਿਵਾਸ-ਅਸਥਾਨ ਬਣ ਜਾਂਦਾ ਹੈ :– ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥੧੨॥ (ਵਾਰ ਰਾਮਕਲੀ ਮ: ੩–੯੫੩)


www.AKJ.org

# ਕਰੋ ਏਕਤਾ ਇਕੋ ਹੀ ਰਾਹ ਚਲੋ

[ਸ: ਅਤਰ ਸਿੰਘ 'ਨੀਰ', 289 A/Q.U., ਪੀਤਮਪੁਰਾ, ਦਿਲੀ-34]

ਭਲਾ ਪੰਥ ਦਾ ਕਿਵੇਂ ਹੈ ਹੋ ਸਕਦਾ, ਆਪਣੇ ਆਪ ਵਿਚ ਕਰੋ ਵਿਚਾਰ ਸਾਰੇ।
ਛਾਬੇ ਚੁਕ ਕੇ ਗੱਲਾਂ ਅਵੱਲੀਆਂ ਦੇ, ਕਢੋ ਮਨ ਦੀ ਵਲਗਣ ਚੋਂ ਬਾਹਰ ਸਾਰੇ।
ਪਈ ਅੜੀ ਹੈ ਕਿਥੇ, ਕੀ ਗੁੰਝਲ, ਵੇਖੋ ਆਪ ਹੀ ਕੰਘੀਆਂ ਮਾਰ ਸਾਰੇ।
ਪਈਆਂ ਖਿਲਰੀਆਂ ਜੋ ਚੰਗਿਆਰੀਆਂ ਨੇ, ਸੁਟੋ ਮੇਲ ਕੇ ਬੰਨ੍ਹ ਕਤਾਰ ਸਾਰੇ।
ਮਾਰਾਂ ਪੈਂਦੀਆਂ ਪਈਆਂ ਬੇਦੋਸ਼ਿਆਂ ਨੂੰ, ਇਕੱਠਿਆਂ ਸੋਚੀਏ, ਏਸਦਾ ਹਲ ਕੀ ਏ।
ਗਲ ਗਲ ਤੇ ਗਲਾ ਪਕੜੀਵੰਦਾ ਏ, ਇਸ ਗੱਲ ਅੰਦਰ ਆਖ਼ਰ ਗੱਲ ਕੀ ਏ।
ਕਰੋ ਯਾਦ ਖਾਂ ਕੰਬਲਾਂ ਵਾਲਿਆਂ ਨੂੰ, ਜਿਨ੍ਹਾਂ ਕਾਬਲ ਕੰਧਾਰ ਕੰਬਾ ਦਿਤੇ।
ਉਹ ਵੀ ਵੇਖੋ ਵਿਸ਼ਵਾਸ ਦੀ ਬਾਂਹ ਅਪਣੀ, ਜਿਸ ਮੱਛੇ ਜਮਰੋਦ ਨੂੰ ਪਾ ਦਿਤੇ।
ਫਿਰ ਵੇਖੋ ਜੀ ਜਾਹੋ ਜਲਾਲ ਅਪਣਾ, ਜਿਸ ਅੰਗਰੇਜ਼ ਦੇ ਮੂੰਹ ਭਵਾ ਦਿਤੇ।
ਚੜ੍ਹਤਾਂ ਅਪਣੀਆਂ ਵੇਖੋ ਸ਼ੇਰ ਮਰਦੋ, ਜਿਨ੍ਹੇ ਅਟਕ ਦੇ ਵਹਿਣ ਅਟਕਾ ਦਿਤੇ।
ਅਬਲਾ ਚੀਕਦੀ ਬਾਈ ਹਜ਼ਾਰ ਮੋੜੀ, ਇਕ ਦੋ ਯਾ ਤਿੰਨ ਦੀ ਗੱਲ ਕੋਈ ਨ।
ਭੁੰਨਿਆ ਇਉਂ ਮਗਰਬ ਦੇ ਆਸ਼ਕਾਂ ਨੂੰ, ਵਲ ਕੇ ਹਿੰਦ ਵਲ ਤਕਿਆ ਵਲ ਕੋਈ ਨ।
ਆਖੋ ਜੇ, ਤਾਂ ਸੱਚੀ ਬੋਲ ਦੇਵਾਂ, ਤੁਸਾਂ ਭੁਲਿਆ ਅਪਣਾ ਕਿਰਦਾਰ ਸੱਚਾ।
ਫਸ ਨੇ ਫੋਕੀਆਂ ਸ਼ੌਕ-ਸ਼ੁਕੀਨੀਆਂ ਚਿ, ਦਿਤਾ ਮਨੋਂ ਵਿਸਾਰ ਦਾਤਾਰ ਸੱਚਾ।

# ਸ੍ਰੀ ਹਰਿਮੰਦਰ ਸਾਹਿਬ

[ਪ੍ਰੋਫੈਸਰ ਪੂਰਨ ਸਿੰਘ ਜੀ]

ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਤ, ਅਕਾਸ਼, ਹੱਡੀ, ਮਾਸ, ਰੁਧਰ ਹੈ। ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪਰਲੋਕ ਦੀ ਫ਼ਤਹ ਹੈ। ਇਹ ਸਾਡਾ ਮਹਾਨ ਕੇਂਦਰ ਹੈ। ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸੁਪਨ, ਸੱਚ ਤੇ ਸੱਚ-ਸੁਪਨ ਹੈ। ਦਰਬਾਰ ਸਾਹਿਬ ਠੀਕ ਸਚਖੰਡ ਦਾ ਟੁਕੜਾ ਹੈ, ਜਿਹੜਾ ਅਨੰਤ ਤੀਰੀ-ਰਿਸ਼ਮੀਆਂ ਨਾਲ, ਧੁਰ ਅਰਸ਼ਾਂ ਥੀਂ ਪੰਘੂੜੇ ਵਾਂਗ ਨਿਰੋਲ ਅਕਾਸ਼ ਵਿਚ ਝੂਲ ਰਿਹਾ ਹੈ; ਜੋ ਇਹ ਮੰਨ ਕੇ ਇਥੇ ਆਇਆ, ਉਹ ਜੀਵਨ-ਮੁਕਤ ਹੈ। ਜੀਵਨ-ਮੁਕਤੀ ਇਸ ਵਿਸ਼ਵਾਸ ਦਾ ਆਣਾ ਹੈ।

ਇਹ ਸਥਾਨ ਕਲਗੀਆਂ ਵਾਲੇ ਦੀ ਸੁਰਤ ਵਿਚ ਚਮਕ ਰਿਹਾ ਹੈ। ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇਕ ਸਿਲਾ ਨਹੀਂ ਦੇ ਸਕਦੇ। ਕਿੰਞ ਕੰਵਲ ਵਾਂਗ ਇਹ ਅਸਗਾਹ ਜਲ ਵਿਚ ਖੜਾ ਹੈ! ਇਹ ਸਾਡਾ ਨਾਮ-ਮੰਤਰ ਹੈ; ਇਹ ਸਾਡਾ ਧਿਆਨ ਹੈ। ਇਕ ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾ ਨਹੀਂ, ਸੰਗਮਰਮਰ ਨਹੀਂ, ਇਹ ਈਸ਼ਵਰੀ ਦਰਬਾਰ ਦੇ ਅੱਡ ਅੱਡ ਸਿੰਘਾਸਨ ਹਨ, ਜਿਥੇ ਰਸੀਏ, ਪਹੁੰਚੇ ਹੋਏ ਫ਼ਕੀਰ, ਪੀਰ, ਮੀਰ, ਸਰੀਰਾਂ ਨੂੰ ਧਿਆਨ-ਲੀਨ ਕਰ ਬੈਠੇ ਹਨ।

ਹੇ ਜਾਣ ਵਾਲੇ ਅਨਜਾਣ! ਹੇ ਵਹਿਸ਼ੀ! ਹੇ ਨੈਣ-ਜੋਤਿ ਥੀਂ ਹੀਨ ਮਨੁੱਖ! ਭਾਵੇਂ ਤੂੰ ਕੋਈ ਹੋਵੇਂ, ਇਥੇ ਸਿਰ ਦੇ ਬਲ ਚੱਲ, ਇਹ ਪੀਰਾਂ ਪੈਗੰਬਰਾਂ ਦੇ ਅਦਬ ਦਾ ਸਥਾਨ ਹੈ। ਕੁਲ ਦੁਨੀਆ ਵਿਚ ਬਸ ਇਕ ਹੈ। ਬਾਲਕ ਰੂਪ ਹੋ ਨੱਸ, ਗੋਦ ਵਿਚ ਬੈਠ, ਇਥੇ ਜਾਗਦਾ ਬੰਦਾ ਬਣ ਕੇ ਆ, ਇਥੇ ਅਨੰਤ ਅਦਬ ਨਾਲ ਸਿਰ ਝੁਕਾ, ਮੱਥਾ ਟੇਕ; ਨਹੀਂ ਤਾਂ ਜਾਹ—ਭਟਕਦਾ ਰਹੇਂਗਾ। [ਖ਼ਾਲਸਾ ਸਮਾਚਾਰ, ੨੪.੧੨.੧੯੧੪


www.AKJ.Org

ਮੱਥੇ ਟੇਕ ਝੁਲਾਉ ਪਏ ਚੋਰ ਬੇਸ਼ਕ, ਐਪਰ ਅੰਦਰ ਨ ਕੋਈ ਪਿਆਰ ਸੱਚਾ।
ਅਖੰਡ ਪਾਠ ਵੀ ਰਸਮੀ ਤੋਰ ਹੁੰਦੇ, ਬੈਠ ਸੁਣਿਆ ਨ ਹੁਕਮ ਅਪਾਰ ਸੱਚਾ।
ਅਮਲ ਬਾਝ ਨ ਅਸਲ ਪਛਾਣ ਸਕੀਏ, ਸਾਨੂੰ ਅਸਲ ਪਛਾਣਨ ਦੀ ਲੋੜ ਸਜਣੋਂ।
ਅਮਲ ਕੀਤਿਆਂ ਗੁਰੂ ਦੀ ਹੋਏ ਕਿਰਪਾ, ਰਵ੍ਹੇ ਕਿਸੇ ਨ ਕਿਸਮ ਦੀ ਥੋੜ ਸਜਣੋ।
ਜੋਕਾਂ ਬਣ ਨ ਚਮੜੋ ਜਥੇਦਾਰੀਆਂ ਨੂੰ, ਅੰਦਰ ਭਾਵਨਾ ਰਖੋ ਪਿਆਰ ਵਾਲੀ।
ਸੇਵਾ ਤਿਆਗ ਕੁਰਬਾਨੀ ਹੀ ਜਿਤਦੇ ਨੇ, ਨੀਤੀ ਸਿਧੀ ਤੇ ਸਾਫ਼ ਇਕ-ਓਅੰਕਾਰ ਵਾਲੀ।
ਗਿਰਗਟ ਵਾਂਗ ਜੋ ਬਦਲਦੇ ਰੰਗ ਰਹਿੰਦੇ, ਖ਼ਾਕ ਛਾਣਦੇ ਦੁਆਰ ਤੇ ਦੁਆਰ ਵਾਲੀ।
ਘਟੀ ਮੇਜ਼ ਉਹ ਖੇਹ ਦੇ ਵਾਂਗ ਉਡਦੇ, ਰਵ੍ਹੇ ਗੱਲ ਨ ਇੱਜ਼ਤ ਵਕਾਰ ਵਾਲੀ।
ਖ਼ੁਦਗਰਜ਼ੀ ਮੂਲ ਹੈ ਗਿਲਾ-ਗੁਜ਼ਾਰੀਆਂ ਦੀ, ਜ਼ਹਿਰ ਨਫ਼ਰਤ ਦੀ ਏਸ ਤੋਂ ਵਧਦੀ ਏ।
ਸਰਦਲ ਹੋਰ ਦੀ ਤੇ ਮੱਥੇ ਕਿਉਂ ਰਗੜੋ, ਕੋਈ ਬੁਨਿਆਦ ਨ ਰੇਤ ਦੀ ਕੰਧ ਦੀ ਏ।
ਤੁਹਾਡਾ ਜੀਵੱਣਾ ਚਾਪਲੂਸੀ ਦੇ ਸਿਰ ਉਤੇ, ਹਸਤੀ ਤੁਸਾਂ ਦੀ ਮਗਰੂਰੀ ਦੇ ਹੱਥ ਅੰਦਰ।
ਤੁਹਾਡਾ ਵਧਣਾ ਨਿਰਭਰ ਹੈ ਦੂਜਿਆਂ ਤੇ, ਲਦੇ ਲਾਲ ਤੂਫਾਨਾਂ ਦੇ ਰੱਥ ਅੰਦਰ।
ਤਕੋ ਅਣਖੀਓ ਰੁਲੰਦੀ ਤਕਦੀਰ ਪਈ, ਅਕ੍ਰਿਤਘਣਤਾ ਦੀ ਲਿਬੜੀ ਸੱਥ ਅੰਦਰ।
ਸੂਰਮਗਤੀ ਹੈ ਲਿਫ ਕਮਾਨ ਹੋਈ, ਤੀਰ ਬਣੇ ਕਠ-ਪੁਤਲੀ ਨੇ ਭੱਥ ਅੰਦਰ।
ਅਧੋਗਤੀ ਨਿਰਾਸਤਾ ਦੇ ਘੇਰ ਅੰਦਰ, ਗੋਤੇ ਖਾ ਰਹੀ ਹੋਂਦ ਬਲਬੀਰ ਸ਼ੇਰੋ।
ਰਾਖੀ ਦੂਜਿਆਂ ਦੀ ਸਦਾ ਕਰਨ ਵਾਲੇ, ਅਪਣੀ ਰਾਖੀ ਲਈ ਹੋਏ ਦਿਲਗੀਰ ਸ਼ੇਰੋ।
ਸਦਾ ਦੂਜੇ ਦੇ ਮੋਢੇ ਬੰਦੂਕ ਰਖਦੇ, ਸ਼ਾਤਰ ਇਸ ਤਰ੍ਹਾਂ ਜਾਲ ਪਸਾਰਦੇ ਨੇ।
ਗਲੀਂ ਵਾਂਗ ਮਦਾਰੀਆਂ ਲਾਈ ਰਖਦੇ, ਪਿਛੋਂ ਕਢ ਕੇ ਬੁਕਲ ਚੋਂ ਮਾਰਦੇ ਨੇ।
ਅੰਦਰ ਜਾਣ ਦੇ ਰਸਤੇ ਹੋਰ ਰਖਦੇ, ਝਾਕ ਬਾਹਰੋਂ ਹੀ ਦੇਂਦੇ ਗੁਲਜ਼ਾਰ ਦੇ ਨੇ।
ਮੇਮੋਠਗਣੀਆਂ ਹਾਸੀਆਂ ਹੱਸ ਹੱਸ ਕੇ, ਬੜੀਆਂ ਗੁਝੀਆਂ ਸੈਨਤਾਂ ਮਾਰਦੇ ਨੇ।
ਝਾਕ ਦੂਜੇ ਦੀ ਛਡੋ, ਆਸ ਛਡੋ, ਵਿਰਸਾ ਆਪਣਾ ਆਪ ਸੰਭਾਲ ਚਲੋ।
ਬਾਹਾਂ ਪਾ ਕੇ ਬਾਹਾਂ ਚਿ ਵੀਰ ਸਾਰੇ, ਸੋਹਣੀ ਮਿਠੜੀ ਹੰਸਾਂ ਦੀ ਚਾਲ ਚਲੋ।
ਤੁਹਾਡੀ ਆਨ ਇਹੋ, ਤੁਹਾਡੀ ਸ਼ਾਨ ਇਹੋ, ਬਦਲੋ ਬਦਲੋ ਆਪਣੀ ਜ਼ਮੀਰ ਤਾਈਂ।
ਸੁਟੋ ਤੋੜ ਜ਼ੰਜੀਰੀਆਂ ਫੁਟ ਦੀਆਂ, ਹੱਥੀਂ ਫੜੋ ਮਿਲਾਪ-ਸ਼ਮਸ਼ੀਰ ਤਾਈਂ।
ਕਰੋ ਏਕਤਾ ਇਕੋ ਹੀ ਰਾਹ ਚਲੋ, ਰਖੋ ਇਕ ਹੀ ਸੂਝ ਅਖੀਰ ਤਾਈਂ।
ਤੁਹਾਡੇ ਹੱਥ ਵਿਚ ਕੜਾ ਸੰਤੋਖ ਦਾ ਏ, ਰਖੋ ਅਪਣੀ ਸਾਬਤ ਤਸਵੀਰ ਤਾਈਂ।
ਖੰਡੇ ਬਾਟੇ ਦੀ ਬਖ਼ਸ਼ੀ ਏ ਦਾਤ ਪ੍ਰੀਤਮ, ਤੁਹਾਡੀ ਜ਼ਿੰਦਗੀ ਨੂੰ ਜਿਸ ਭਰਪੂਰ ਰਖਣਾ।
ਚਪੂ ਮੇਲ-ਮਿਲਾਪ ਦਾ ਲਾਈ ਰਖੋ, ਇਸੇ 'ਨੀਰ' ਤੂਫਾਨਾਂ ਤੋਂ ਦੂਰ ਰਖਣਾ।

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਗੁਰਮਤਿ ਬਿਬੇਕ | ੭-੫੦ |
| ਵਾਹਿਗੁਰੂ ਸਿਮਰਨ | ੦-੫੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਆਸਤਕ ਤੇ ਨਾਸਤਕ | ੦-੩੫ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |




www.AKJ.Org

# ਹੜ੍ਹ-ਪੀੜਤਾਂ ਦੀ ਸਹਾਇਤਾ

ਪੰਜਾਬ ਵਿਚ ਸਤੰਬਰ ਦੇ ਮਹੀਨੇ ਆਏ ਹੜ੍ਹਾਂ ਦੀ ਕਰੋਪੀ ਦੁਆਰਾ ਹੋਈ ਤਬਾਹੀ ਅਸੀਂ ਅਰੰਭਕ ਲੇਖ ਵਿਚ ਦਸ ਆਏ ਹਾਂ। ਅਖੰਡ ਕੀਰਤਨੀ ਜਥੇ ਨੇ ਹੜ੍ਹ-ਪੀੜਤਾਂ ਦੀ ਦਰਦ-ਭਰੀ ਦਸ਼ਾ ਨੂੰ ਮੁਖ ਰਖ ਕੇ, ਉਨ੍ਹਾਂ ਦੀ ਯਥਾ-ਯੋਗ ਸਹਾਇਤਾ ਕਰਨ ਦਾ ਉਪਰਾਲਾ ਅਰੰਭਿਆ ਹੈ। ਸਰਦੀਆਂ ਦੀ ਠਾਰਵੀਂ ਠੰਢ ਨੂੰ ਦੇਖਦੇ ਹੋਇਆਂ ਅਸਾਂ ਨੇ ਕਾਫ਼ੀ ਭਾਰੇ ਕੰਬਲ ਬੇਸਰੋ-ਸਮਾਨ ਲੋੜਵੰਦੇ ਦੁਖੀ ਪਰਵਾਰਾਂ ਨੂੰ ਬਿਨਾਂ ਜਾਤ ਪਾਤ ਦੇ ਵਿਤਕਰੇ ਦੇ ਦੇਣ ਦਾ ਜਤਨ ਕੀਤਾ ਹੈ। ਲੋੜਵੰਦੇ ਪਰਵਾਰਾ ਦੀ ਖੋਜ-ਪੜਤਾਲ ਕਰਨ ਲਈ ਹੜ੍ਹ-ਪੀੜਤ ਇਲਾਕਿਆਂ ਦਾ ਸਰਵੇ ਕਰਨ ਲਈ ਜ਼ਿਮੇਵਾਰ ਸਿੰਘਾਂ ਦੀਆਂ ਡਿਊਟੀਆਂ ਲਾਈਆਂ ਗਈਆਂ, ਜਿਨ੍ਹਾਂ ਨੇ ਉਨ੍ਹਾਂ ਪਿੰਡਾਂ ਵਿਚ ਘੁੰਮ ਫਿਰ ਕੇ ਪੜਤਾਲ ਕਰ ਕੇ ਉਨ੍ਹਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਤੇ ਉਨ੍ਹਾਂ ਨੂੰ ਪਰਚੀਆਂ ਵੰਡ ਦਿਤੀਆਂ। ਨਾਲ ਹੀ ਤਰੀਕ ਨੀਯਤ ਕਰ ਕੇ ਨੀਯਤ ਕੀਤੇ ਠਿਕਾਣੇ ਤੇ ਪੁਜਣ ਲਈ ਹਦਾਇਤ ਕਰ ਦਿਤੀ। ਇਸ ਢੰਗ ਨਾਲ ਸੁਖੈਨ ਹੀ, ਬਿਨਾਂ ਕਿਸੇ ਖੋਹ-ਖਿਚ ਦੇ ਯੋਗ ਵਿਅਕਤੀਆਂ ਨੂੰ ੧੨੦੦ ਕੰਬਲ ਅਤੇ ੧੦੨ ਭਾਰੀਆਂ ਤ੍ਰਿਪਾਲਾਂ ਵੰਡੀਆਂ ਜਾ ਚੁਕੀਆਂ ਹਨ।

ਇਲਾਕਾਵਾਰ ਵੰਡ ਦੀ ਰੀਪੋਰਟ ਇਉਂ ਹੈ–

**ਅਜਨਾਲਾ ਏਰੀਆ**–(ਮਿਤੀ ੨-੧੧-੮੮) ਪੰਜ ਸੋ ਕੰਬਲ–ਪਿੰਡ ਭੂੰਦ, ਕੋਟਲੀ ਕੋਕਾ, ਕੋਟਲਾ ਖੈਰਾ, ਭਿੰਡੀ ਔਲਖ ਖ਼ੁਰਦ ਤੇ ਕਲਾਂ, ਭਿੰਡੀ ਨੈਣ-ਪਾਰਲੇ ਤੇ ਉਰਾਰਲੇ, ਵੂਰੇ (ਨੁਰੂਵਾਲ), ਵੂਰੇ (ਵਾੜਾ), ਧੁਖ ਸੜੀ (ਬੁਰਜ), ਤੂਰ, ਮਿਆਣੀਆਂ ਕਲਾਂ, ਪੰਜੂ ਕਲਾਲ, ਨਿਪਾਲ, ਭਨੋਟ, ਦੜਾਲ, ਜਸਰਾਉਰ, ਜਾਫਰਕੋਟ, ਕੱਲੇਵਾਲ (ਤੂਤ), ਤੂਤ, ਮੋਤਲੇ, ਛੰਨ ਖੁਹਾਲੀ, ਕੁੱਤੀਵਾਲ ਪਿੰਡ ਤੇ ਕਵਾਟਰ, ਸਾਰੰਗਦੇਵ, ਡੱਬਰ, ਜੱਗੀਵਾਲ, ਬੁਲੜਵਾਲ, ਸੈਦਪੁਰ ਕਲਾਂ, ਸੈਦਪੁਰ ਦੁਨੀਸ਼ਾਹ, ਭਿੰਡੀ ਸਯਦਾਂ, ਬੁਰਜ, ਫ਼ਤਹਵਾਲ, ਜਗਦੇਵ ਖ਼ੁਰਦ, ਖੁਸੂਪੁਰਾ (ਵਰ੍ਹਿਆਂ), ਤੱਲੇ, ਅਲੀਵਾਲ, ਕੋਟਲੀ ਅਲੀਵਾਲ, ਬਲ (ਕਮੀਰਪੁਰਾ), ਅੰਬ ਨੰਗਲ, ਅਜਨਾਲਾ ਤੇ ਰਲਵੇਂ ਮਿਲਵੇਂ ਹੋਰ ਪਿੰਡ।

**ਕਪੂਰਥਲਾ ਏਰੀਆ**–(ਮਿਤੀ ੫-੧੧ ਤੇ ੧੯-੧੧-੮੮) ਸਵਾ ਚਾਰ ਸੌ ਕੰਬਲ–ਨਵਾਂ ਪਿੰਡ ਭੱਟਾਂ, ਨਾਵ ਪਿੰਡ, ਡੋਗਰਾਂ ਵਾਲਾ, ਕੋਕਲਪੁਰ, ਕਾਂਜਲੀ, ਬੀਜਾ, ਧੰਮ, ਬਾਦਸ਼ਾਹਪੁਰ, ਪਹਾੜੀਪੁਰ, ਭੀਲਾ, ਕੂਕਾ ਤਲਵੰਡੀ, ਠੀਕਰੀਵਾਲ, ਸੁਲਤਾਨਪੁਰ, ਢਿਲਵਾਂ, ਬੁਤਾਲਾ, ਪੁਰਾਣਾ ਪਿੰਡ ਦੇਸਲ ਫੋਲੀ, ਉਚਾ ਬੇਟ, ਨਵਾਂ ਠੱਟਾ, ਨੰਗਲ ਲੁਬਾਣਾ, ਡੋਗਰਾਂ ਵਾਲੀ ਤੇ ਹੋਰ ਫੁਟਕਲ।

**ਮੰਡ ਏਰੀਆ (ਲੋਹੀਆਂ ਗਿਦੜਪਿੰਡੀ ਤੋਂ ਅਗੇ)**–(ਮਿਤੀ ੧੭-੧੧-੮੮) ਪੌਣੇ ਤਿੰਨ ਸੌ ਕੰਬਲ ਤੇ ੧੦੨ ਤ੍ਰਿਪਾਲਾਂ, ਪਿੰਡ ਮੰਢਾਲਾ, ਮੁੰਡੀ ਮੰਢਾਲਾ, ਮੰਢਾਲਾ ਛੰਗਾ, ਟੇਂਡੀਵਾਲਾ, ਕਾਫ਼ੀ ਤੇ ਹੋਰ ਫੁਟਕਲ।

ਅਖੰਡ ਕੀਰਤਨੀ ਜਥੇ ਦੀ ਸਕੀਮ ਤੋਂ ਉਤਸ਼ਾਹਤ ਹੋ ਕੇ ਮੇਰਠ ਦੀ ਸੰਗਤ ਨੇ ਰਜਾਈਆਂ, ਮਰਦਾਵੇਂ ਸੂਟ, ਜ਼ਨਾਨੇ ਸੂਟ, ਬੱਚਿਆਂ ਦੇ ਸੀਤੇ ਅਣਸੀਤੇ ਕਪੜੇ, ਕੁਝ ਕਪੜੇ ਦੇ ਥਾਨ, ਕੁਝ ਦਵਾਈਆਂ ਆਦਿ, ਦੋ ਟਰੱਕਾਂ ਦੇ ਭਾਰ ਦੀ ਸਮੱਗਰੀ ਹੜ੍ਹ-ਪੀੜਤ ਇਲਾਕਿਆਂ ਵਿਚ ਵੰਡਣ ਲਈ ਭੇਜੀ, ਜਿਸ ਨੂੰ ਉਪਰੋਕਤ ਤਰੀਕੇ ਨਾਲ ਹੀ ਵੰਡਿਆ ਜਾ ਰਿਹਾ ਹੈ। ਇਹ ਕਾਰਜ ਗੁਰੂ ਮਿਹਰ ਸਦਕੇ ਅਜੇ ਚਾਲੂ ਹੈ। ਹੁਣ ਤਕ ਇੰਨਾ ਕੁਝ ਹੋਇਆ ਹੈ ਅਗੋਂ ਜੋ ਸਤਿਗੁਰੂ ਕਰਾਉਣ। **ਸਰਬੱਤ ਸੰਗਤਾਂ ਆਪਣਾ ਯਥਾ ਜੋਗ ਹਿੱਸਾ ਪਾਉਣ ਦੀ ਕ੍ਰਿਪਾਲਤਾ ਕਰਨ।**

---

**ਪਾਠਕਾਂ ਵਲੋਂ ਮਾਣ**–ਸਾਡੀ ਬੇਨਤੀ ਨੂੰ ਪਰਵਾਨ ਕਰ ਕੇ, 'ਸੂਰਾ' ਪੱਤਰ ਦੀ ਚੜ੍ਹਦੀ ਕਲਾਂ ਲਈ ਗੁਰਸਿਖ ਪਾਠਕਾਂ ਨੇ ਬੜਾ ਮਾਣ ਬਖਸ਼ਿਆ ਹੈ। ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਪਟਿਆਲਾ ਨੇ, ਜੋ ਹਰ ਮਹੀਨੇ ਗੁਰਮਤੀ ਕਦਰਾਂ ਬਾਰੇ ਲੇਖ ਵੀ ਛਪਣ ਲਈ ਭੇਜਦੇ ਹਨ, ੨੩ ਨਵੇਂ ਪਾਠਕ ਬਣਾ ਕੇ ਭੇਜੇ ਹਨ। ਅਸੀਂ ਕਿਵੇਂ ਸ਼ੁਕਰ ਕਰੀਏ! ਧੰਨ ਸਤਿਗੁਰੂ ਤੇ ਧੰਨ ਗੁਰਸਿਖੀ!!

www.AKJ.Org

# ਧਰਮ ਦਾ ਕੁੰਡਾ ਕਿਹੜਾ ? ਅਤੇ ਕਿਥੇ ?

ਸਿਖ ਕੌਮ ਦੀ ਤਰਸ-ਯੋਗ ਦਸ਼ਾ ਸਭ ਦੇ ਸਾਹਮਣੇ ਹੈ। ਇਸ ਦੇ ਲਈ ਜ਼ਿਮੇਂਵਾਰ ਭਾਵੇਂ ਕਈ ਅਨਸਰ ਹਨ, ਪਰ ਪਰਮੁਖ ਤੌਰ ਤੇ ਇਸ ਦੀ ਜ਼ਿਮੇਵਾਰੀ ਸਿਖ ਲੀਡਰਸ਼ਿਪ ਉਤੇ ਆਉਂਦੀ ਹੈ, ਜਿਨ੍ਹਾਂ ਨੇ ਧਰਮ ਸਿਆਸਤ ਦੇ ਬੁਰਕੇ ਹੇਠ, ਆਪਣੀ ਚੌਧਰ ਕਾਇਮ ਕਰਨ ਲਈ ਧਰਮ ਤੇ ਸਦਾਚਾਰ ਦੀਆਂ ਸਾਰੀਆਂ ਕਦਰਾਂ ਕੀਮਤਾਂ ਘੋਲ ਪੀਤੀਆਂ ਹਨ।

(੨) ਆਖਣ ਨੂੰ ਸਿਆਸਤ ਉਤੇ ਧਰਮ ਦਾ ਕੁੰਡਾ ਕਿਹਾ ਜਾਂਦਾ ਹੈ, ਪਰ ਅਸਲੀਅਤ ਇਹ ਹੈ ਕਿ ਧਰਮ ਉਤੇ ਸਿਆਸਤ ਅਮਰ ਵੇਲ ਵਾਂਗ ਛਾਈ ਹੋਈ ਹੈ ਅਤੇ ਉਲਟਾ ਸਿਆਸਤ ਦਾ ਧਰਮ ਉਤੇ ਕੁੰਡਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਹੜੀ ਧਾਰਮਿਕ ਖੇਤਰ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਧਾਰਮਿਕ ਰਹੁ-ਰੀਤ ਚਲਾਉਣ ਦੀ ਜ਼ਿਮੇਦਾਰ ਸੰਸਥਾ ਹੈ, ਉਸ ਦਾ ਕੰਟਰੋਲ ਅਮਲੀ ਤੌਰ ਤੇ ਸਿਆਸੀ ਪਾਰਟੀ ਕੋਲ ਹੈ। ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀ ਚੋਣ ਲਈ ਉਮੀਦਵਾਰ ਸਿਆਸੀ ਪਾਰਟੀ ਵਲੋਂ ਨਾਮਜ਼ਦ ਕੀਤੇ ਜਾਂਦੇ ਹਨ ਅਤੇ ਅਜਿਹਾ ਕਰਨ ਵਿਚ ਉਮੀਦਰਵਾਰਾਂ ਦੀ ਯੋਗਤਾ ਉਨ੍ਹਾਂ ਦੇ ਧਰਮ-ਪ੍ਰਭਾਵੀ ਪਖੋਂ ਨਹੀਂ, ਸਗੋਂ ਸਿਆਸੀ-ਪ੍ਰਭਾਵੀ ਪਖੋਂ ਪਰਖੀ ਜਾਂਦੀ ਹੈ। ਨਤੀਜੇ ਵਜੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀ ਬਹੁ-ਗਿਣਤੀ ਧਾਰਮਿਕ ਪਖੋਂ ਕੋਰੀ ਹੀ ਹੁੰਦੀ ਹੈ। ਅਜਿਹੇ ਮੈਂਬਰ ਇਸ ਸੰਸਥਾ ਦੀ ਮੈਂਬਰੀ ਦੇ ਸਮੇਂ ਵਿਚ ਆਪਣਾ ਸਿਆਸੀ ਉੱਲੂ ਸਿੱਧਾ ਕਰਦੇ ਹਨ ਅਤੇ ਫਿਰ ਵਿਧਾਨ ਸਭਾ ਦੀ ਚੋਣ ਲਈ ਆਪਣਾ ਰਾਹ ਪਧਰਾ ਕਰਦੇ ਰਹਿੰਦੇ ਹਨ।

(੩) ਸਰਵੁੱਚ ਧਾਰਮਿਕ ਪਦਵੀਆਂ (ਤਖ਼ਤ ਸਾਹਿਬਾਂ ਦੇ ਜਥੇਦਾਰ ਅਤੇ ਇਤਿਹਾਸਕ ਹੈਡ ਗੁਰਦੁਆਰਿਆਂ ਦੇ ਗ੍ਰੰਥੀ/ਗ੍ਰੰਥੀ ਸਾਹਿਬਾਨ) ਲਈ ਚੋਣ ਵੀ ਭਾਵੇਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਹੀ ਕੀਤੀ ਜਾਂਦੀ ਹੈ, ਪਰ ਇਸ ਦੇ ਪਿਛੇ ਸਿਆਸੀ ਹੱਥ ਹੀ ਕੰਮ ਕਰਦੇ ਹੁੰਦੇ ਹਨ। ਸਿੱਟੇ ਵਜੋਂ ਉਚਤਮ ਪਦ-ਪਦਵੀਆਂ ਲਈ ਯੋਗ ਵਿਅਕਤੀ ਨਹੀਂ, ਸਗੋਂ ਸਿਫ਼ਾਰਸ਼ੀ ਵਿਅਕਤੀ ਲਏ ਜਾਂਦੇ ਹਨ। ਇਤਿਹਾਸ ਗਵਾਹ ਹੈ, ਅਜਿਹੇ ਵਿਅਕਤੀ ਫਿਰ ਧਰਮ ਦਾ ਨਹੀਂ, ਸਗੋਂ ਧੜੇ ਦਾ ਪੱਖ ਹੀ ਪੂਰਦੇ ਹਨ, ਜਿਸ ਨਾਲ ਧਰਮ ਦੀ ਹਾਨੀ ਹੁੰਦੀ ਹੈ।

(੪) ਸਿਆਸੀ ਵਿਅਕਤੀਆਂ ਵਿਚ ਚੌਧਰ ਲਈ ਪਰਸਪਰ ਖਹਿ-ਮ-ਖਹਿ ਚਲਦੀ ਰਹਿੰਦੀ ਹੈ। ਜਿਸ ਨੂੰ ਪੰਥਕ ਪਾਰਟੀ ਕਿਹਾ ਜਾਂਦਾ ਹੈ, ਉਸ ਦੇ ਅੱਧੀ ਦਰਜਨ ਵਖਰੇ ਵਖਰੇ ਗਰੁੱਪ ਹਨ। ਹਰੇਕ ਗਰੁੱਪ ਆਪਣੇ ਆਪ ਨੂੰ ਪੰਥ-ਹਿਤੈਸ਼ੀ ਦਸਦਾ ਅਤੇ ਦੂਜਿਆਂ ਨੂੰ ਗ਼ਦਾਰ ਆਖ ਕੇ ਭੰਡਦਾ ਹੈ। ਇਸ ਫੁਟ ਕਾਰਨ ਕੌਮ ਮਾਰੀ-ਕੁਟੀ ਜਾ ਰਹੀ ਹੈ। ਚੌਧਰ ਦੇ ਭੁਖੇ ਸਿਆਸਤਦਾਨ ਏਨੀ ਦੁਰਗਤੀ ਹੋਣ ਮਗਰੋਂ ਵੀ ਨਹੀਂ ਸਮਝੇ, ਤੇ ਏਕਤਾ ਕਰਨ ਵਿਚ ਵੀ ਪੰਥਕ ਮੁਫ਼ਾਦ ਨੂੰ ਨਹੀਂ, ਸਗੋਂ ਆਪਣੀ ਤੇ ਆਪਣੇ ਧੜੇ ਦੀ ਚੌਧਰ ਨੂੰ ਮੁਖ ਰਖ ਕੇ ਸੌਦੇ-ਬਾਜ਼ੀਆਂ ਵਿਚ ਉਲਝੇ ਪਏ ਹਨ।

(੫) ਜੇ ਸਿਆਸੀ ਬੰਦਿਆਂ ਨੇ ਚੌਧਰ ਪਿਛੇ, ਆਪਸ ਵਿਚ ਏਵੇਂ ਹੀ ਉਲਝਿਆ ਰਹਿਣਾ ਹੈ, ਤੇ ਸਾਰੇ ਸਿਆਸੀ ਪਾਪੜ ਵੇਲਦਿਆਂ ਰਹਿਣਾ ਹੈ ਤਾਂ ਪੰਥ ਦਾ ਉਹਨਾਂ ਖੁਣੋਂ ਕੀ ਥੁੜਿਆ ਹੈ ? ਪਿਛਲੇ ੪੦ ਸਾਲਾਂ ਵਿਚ ਅਖੌਤੀ ਪੰਥਕ ਸਿਆਸੀ ਪਾਰਟੀਆਂ ਨੇ ਪੰਥ ਦੀ ਹਾਨੀ ਹੀ ਹਾਨੀ ਕੀਤੀ ਹੈ, ਕੁਝ ਸਵਾਰਿਆ ਨਹੀਂ। ਸੁਆਲਾਂ ਦਾ ਸੁਆਲ ਇਹ ਹੈ ਕਿ ਇਨ੍ਹਾਂ ਅਖੌਤੀ ਪੰਥਕ ਸਿਆਸੀ ਪਾਰਟੀਆਂ ਉਤੇ ਕਿਸ ਦਾ ਕੁੰਡਾ ਹੈ ? ਅਤੇ ਉਹ ਕੁੰਡਾ ਕਦੋਂ ਕਿਸ ਤਰ੍ਹਾਂ ਵਰਤੋਂ ਵਿਚ ਆਉਣਾ ਹੈ ?

---

**ਮੋਗਾ ਸਮਾਗਮ ਸਮੇਂ** ਇਕ ਕਾਲੀ ਕੋਟੀ ਅਤੇ ਇਕ ਤੌਲੀਆ ਮਿਲਿਆ ਹੈ। ਜਿਸ ਕਿਸੇ ਦੇ ਹੋਣ, ਲੁਧਿਆਣੇ ਪੋਹ ਸੁਦੀ ਸਪਤਮੀ ਸਮਾਗਮ ਸਮੇਂ 'ਸੂਰਾ' ਸਟਾਲ ਤੋਂ ਪ੍ਰਾਪਤ ਕਰ ਲੈਣ।



www.AKJ.Org

# ਪਾਰਬ੍ਰਹਮ ਦਾ ਨਿਜ ਭਗਤ

ਜਨਮ ਸਾਖੀ ਦੀ ਭੂਮਿਕਾ ਦਾ ਇਕ ਅੰਗ ਹੈ 'ਪਾਰਬ੍ਰਹਮ ਦਾ ਨਿਜ ਭਗਤ'। ਉਹ ਹੈ ਗੁਰੂ ਨਾਨਕ। ਪਾਰਬ੍ਰਹਮ ਦੇ ਨਿਜ ਭਗਤ ਗੁਰੂ ਨਾਨਕ ਨੇ ਮਾਰੂ ਰਾਗ ਵਿਚ ਇਸ ਸ਼ਬਦ ਵਿਚ—

''ਕੋਈ ਆਖੈ ਭੂਤਨਾ ਕੋਈ ਕਹੈ ਬੇਤਾਲਾ ॥'' (ਪੰਨਾ ੯੯੧)

ਨਿਰਣਾ ਕੀਤਾ ਹੋਇਆ ਹੈ ਕਿ ਉਹ ਕਿਵੇਂ ਨਿਜ ਭਗਤ ਸੀ। ਇਸ ਸ਼ਬਦ ਵਿਚ ਉਨ੍ਹਾਂ ਨੇ ਨਿਜ ਭਗਤ ਦੇ ਤਿੰਨ ਲੱਛਣ ਦਿਤੇ ਹੋਏ ਹਨ—

(੧) ਨਿਜ ਭਗਤ ਖਸਮ ਦੇ ਹੁਕਮ ਨੂੰ ਮੰਨਦਾ ਹੈ। ਉਹ ਕੇਵਲ ਉਸ ਦੇ ਹੁਕਮ ਵਿਚ ਹੀ ਜੀਂਦਾ ਥੀਂਦਾ ਹੈ।

(੨) ਨਿਜ ਭਗਤ ਹੁਕਮ ਦੀ ਪਾਲਣਾ ਲਈ ਦੀਵਾਨੇ ਮਨੁਖ ਵਾਂਗ ਕੰਮ ਕਰਦਾ ਹੈ, ਇਸ ਹੁਕਮ ਦੀ ਪਾਲਣਾ ਦੇ ਇਸ਼ਕ ਵਿਚ ਵਿਚਰਦਾ ਹੈ ਅਤੇ ਸ਼ਹੁ ਦਾ ਬਉਰਾਨਾ ਹੋ ਕੇ ਵਿਚਰਦਾ ਹੈ। ਉਸੇ ਦੀਵਾਨਗੀ ਵਿਚ ਉਹ ਖਸਮ ਦੇ ਹੁਕਮ ਨੂੰ ਪ੍ਰਸਾਰਦਾ ਹੈ। ਖਸਮ ਦੇ ਹੁਕਮ ਦੀ ਪਾਲਣਾ ਕਰਦਿਆਂ ਉਹ ਕਾਤਲਾਂ ਦੀ ਕਤਲਗਾਹ ਵਿਚ ਬੈਠਦਾ ਹੈ, ਜਨੂੰਨੀਆਂ ਦੇ ਇਕੱਠਾਂ ਵਿਚ ਜਾ ਵੜਦਾ ਹੈ, ਬਾਬਰ ਤੇ ਭਾਗੋ ਨਾਲ ਟਕਰਾ ਜਾਂਦਾ ਹੈ, ਬਗ਼ਦਾਦ ਦੇ ਮੱਕੇ ਵਿਚ ਕੌਤਕ ਕਰ ਵਿਖਾਂਦਾ ਹੈ। ਦੀਵਾਨੇ ਲਈ ਜਾਨ ਪਿਆਰੀ ਨਹੀਂ, ਉਦੇਸ਼ ਪਿਆਰਾ ਹੈ। ਇਹ ਦੀਵਾਨਾ ਬੁਰਿਆਈ ਨਾਲ ਟਕਰਾਂਦਾ ਹੈ, ਮੁਤੱਸਬੀ ਨੂੰ ਚਕਨਾ-ਚੂਰ ਕਰਦਾ ਹੈ, ਜਬਰ ਤੇ ਜ਼ੁਲਮ ਨੂੰ ਨਾਸ ਕਰਦਾ ਹੈ, ਦੁਰਾਚਾਰ ਨੂੰ ਖ਼ਤਮ ਕਰਦਾ ਹੈ, ਬਿਮਾਰੀ ਤੇ ਗੁਰਬਤ ਨੂੰ ਦੂਰ ਕਰਦਾ ਹੈ ਅਤੇ ਮਨੁਖ ਸਮਾਜ ਨੂੰ ਸਵੱਛ ਤੇ ਨਿਰਮਲ ਕਰਦਾ ਹੈ।

(੩) ਇਹ ਨਿਜ ਭਗਤ ''ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ''। ਨਿਮਰਤਾ ਵਿਚ ਰਹਿੰਦਾ ਹੈ, ਪਰ ਖਸਮ ਦੇ ਹੁਕਮ ਦੀ ਪਾਲਣਾ ਕਰਦਿਆਂ ਅਤੇ ਆਪਣੇ ਬਾਰੇ ਹੋ ਰਹੀ ਲੋਕ-ਚਰਚਾ ਦੀ ਪਰਵਾਹ ਨਹੀਂ ਕਰਦਾ। ਕੋਈ ਬੇਤਾਲਾ ਕਹੇ ਜਾਂ ਭੂਤਨਾ ਕਹੇ, ਉਸ ਨੂੰ ਪਰਵਾਹ ਨਹੀਂ, ਅਤੇ ਉਸ ਦੀ ਸੁਰਤ ਖਸਮ ਵਿਚ ਜੁੜੀ ਹੈ ਤੇ ਉਹ ਤੱਤਾ ਠੰਢਾ ਸਭ ਕੁਝ ਝਾਗ ਲੈਂਦਾ ਹੈ। ਨਿਜ ਭਗਤੀ ਹੀ ਸਤਿਗੁਰੂ ਨੂੰ ਬਲ ਦੇਂਦੀ ਹੈ, ਨਿਜ ਭਗਤੀ ਹੀ ਕਿਸੇ ਵਿਅਕਤੀ ਨੂੰ ਉਹ ਬਲ ਦੇਂਦੀ ਹੈ, ਜੋ ਸਤਿਗੁਰੂ ਨਾਨਕ ਦੀ ਵਿਅਕਤੀ ਵਿਚੋਂ ਜਨਮ ਸਾਖੀ ਪ੍ਰਗਟ ਕਰਦੀ ਹੈ।

[ਡਾ: ਤਾਰਨ ਸਿੰਘ ਲਿਖਤ ''ਗੁਰ ਪਰਮੇਸ਼ਰ'' ਲੇਖ ਚੋਂ

# ਨਿਤ ਮੁਹਿੰਮਾਂ ਪੰਜਾਬ ਦੇ ਜਾਇਆਂ ਨੂੰ

[ਗਿ: ਗੋਪਾਲ ਸਿੰਘ ਜੀ 'ਮਿੱਤਰ']

ਸੱਚ ਮੰਨੋ ਪੰਜਾਬ ਦੇ ਸਿਰ ਉੱਤੇ, ਅੱਜ ਫੇਰ ਅਜ਼ਾਬ ਦੀ ਘੜੀ ਆਈ।
ਅੱਜ ਨਹੀਂ, ਇਹ ਜਦੋਂ ਦੀ ਕੋਮ ਜੰਮੀ, ਸਿਰ ਇਹਦੇ ਸੀ ਆਫ਼ਤ ਵੀ ਚੜ੍ਹੀ ਆਈ।
ਨਿਤ ਮੁਹਿੰਮਾਂ ਪੰਜਾਬ ਦੇ ਜਾਇਆਂ ਨੂੰ, ਸਦਾ ਵਾਸਤੇ ਸੱਚ ਅਖਾਣ ਹੈ ਇਹ।
ਭਾਵੇਂ ਸਾਰੇ ਹੀ ਦੇਸ਼-ਨਿਵਾਸੀਆਂ ਦਾ, ਜੀਵਨ ਜੀਣ ਲਈ ਜਿੰਦ ਪ੍ਰਾਣ ਹੈ ਇਹ।
ਫਿਰ ਵੀ ਕਦੀ ਨਾ ਏਸ ਦੀ ਖ਼ੈਰ ਮੰਗੀ, 'ਮਿੱਤਰ' ਕਈਆਂ ਦੇਸ਼-ਵਸੰਦਿਆਂ ਨੇ।
ਸਦਾ ਏਸ ਨੂੰ ਵਖਤ ਹੀ ਪਾਈ ਰਖਿਆ, ਦੇਸ਼-ਧ੍ਰੋਹੀਆਂ ਜਨੂੰਨੀਆਂ ਬੰਦਿਆਂ ਨੇ।

---

# ਨੇਤਰਹੀਣ ਗੁਰਮਤਿ ਵਿਦਿਆਲਾ ਟ੍ਰਸਟ

ਬੁੰਗਾ (ਸੰਤ) ਬਾਬਾ ਸੁੰਦਰ ਸਿੰਘ ਜੀ, ਮੇਨ ਰੋਡ, ਅਨੰਦਪੁਰ ਸਾਹਿਬ ਅਤੇ ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ

੧੯-੪-੮੭ ਤੋਂ ਨੇਤਰਹੀਣ ਬੱਚਿਆਂ ਲਈ ਬਿਨਾਂ ਫ਼ੀਸ ਦੇ ਕੀਰਤਨ ਦੀ ਸਿਖਲਾਈ, ਦਸਤਕਾਰੀ ਤੇ ਗੁਰਮਤਿ ਵਿਦਿਆ ਦੀ ਪ੍ਰਾਪਤੀ ਲਈ ਕਾਰਜ ਅਰੰਭਿਆ ਗਿਆ ਹੈ। ਨੇਤਰਹੀਣ ਜਾਂ ਹੋਰ ਲੋੜਵੰਦ ਸਜਣ ਇਸ ਤੋਂ ਲਾਭ ਪ੍ਰਾਪਤ ਕਰਨ ਲਈ ਪ੍ਰਬੰਧਕਾਂ ਨੂੰ ਮਿਲਣ।


www.AKJ.Org

# ਪੁਲਿਸ ਦੀ ਭੂਹਜੀ ਹਰਕਤ

੨੩-੧੧-੮੮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਉਤਸਵ ਗੁਰਪੁਰਬ ਲਾਇਲਪੁਰ ਖਾ: ਹਾ: ਸੈ: ਸਕੂਲ ਜਲੰਧਰ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਸੀ। ਰੈਣ ਸਬਾਈ ਕੀਰਤਨ ਵਿਚ ''ਭਿੰਨੜੀ ਰੈਣਿ ਭਲੀ'' ਅਨੁਸਾਰ ਰਸ-ਭਿੰਨੜਾ ਕੀਰਤਨ ਹੋ ਰਿਹਾ ਸੀ, ਜੁ ਅਚਣਚੇਤ ਰਾਤ ਦੇ ੧੨ ਕੁ ਵਜੇ ਪੁਲਿਸ ਨੇ ਚਾਰ ਚੁਫੇਰਿਓਂ ਸਕੂਲ ਨੂੰ ਘੇਰਾ ਪਾ ਲਿਆ ਅਤੇ ਲੰਗਰ ਦੇ ਕਮਰਿਆਂ ਉਪਰ ਛੱਤਾਂ ਤੇ ਵੀ ਪੁਜ਼ੀਸ਼ਨਾਂ ਲੈ ਲਈਆਂ। ਪੁਲੀਸ ਦੀ ਭਾਰੀ ਫ਼ੋਰਸ ਗੇਟ ਵਾਲੇ ਰਸਤੇ ਸਟੇਨਗੰਨਾਂ ਤਾਣੀ ਪੰਡਾਲ ਤਕ ਪੁਜ ਗਈ। ਅਤੇ ਸਟਾਲਾਂ ਤੇ ਕਕਾਰ ਅਤੇ ਧਾਰਮਿਕ ਪੁਸਤਕਾਂ ਖ੍ਰੀਦ ਰਹੇ ਜਾਂ ਲੰਗਰ ਵਲ ਜਾਂ ਰਹੇ ਸਿੰਘ ਸਿੰਘਣੀਆਂ ਨੂੰ ਇਕ ਅਫ਼ਸਰ ਨੇ ਦਬਕਾ ਮਾਰਿਆ ਕਿ ਸਭ ਥਾਉਂ ਥਾਈਂ ਖੜੇ ਹੋ ਜਾਓ। ਉਸ ਨੇ ਯਕਾ ਯਕ ਅਗੇ ਵਧ ਕੇ ਇਕ ਸਿੰਘ ਨੂੰ ਬਾਹੋਂ ਜਾ ਫੜਿਆ ਤੇ ਖਿਚ ਕੇ ਬਾਹਰ ਲੈ ਤੁਰਿਆ। ਭਾਰੀ ਫ਼ੋਰਸ ਉਸ ਦੇ ਨਾਲ ਸੀ। ਦੋ ਬੀਬੀਆਂ ਤੇ ਇਕ ਸਿੰਘ ਹਾਲ ਦੁਹਾਈ ਪਾਉਂਦੇ ਮਗਰ ਭਜੇ ਕਿ ਇਸ ਬੇਦੋਸ਼ੇ ਨੂੰ ਕਿਉਂ ਪਕੜਿਆ ਹੈ। ਪਰ ਉਨ੍ਹਾਂ ਇਕ ਨਾ ਸੁਣੀ ਅਤੇ ਬਾਹਰ ਖਲੋਤੀਆਂ ਗਡੀਆਂ ਵਿਚੋਂ ਇਕ ਵਿਚ ਉਸ ਸਿੰਘ ਨੂੰ ਅਤੇ ਦੂਸਰੀ ਗਡ਼ੀ ਵਿਚ ਪਿੱਛਾ ਕਰ ਰਹੀਆਂ ਬੀਬੀਆਂ ਤੇ ਸਿੰਘ ਨੂੰ ਸੁਟ ਲਿਆ।

ਪੰਡਾਲ ਦੇ ਅੰਦਰ ਕੀਰਤਨ ਉਸੇ ਤਰ੍ਹਾਂ ਚਲਦਾ ਰਿਹਾ ਪਰ ਘੋਰ-ਮਸੋਰੀ ਹੋਣ ਕਰਕੇ ਅੰਦਰ ਤੇ ਬਾਹਰ ਅਫਰਾ ਦਫੜੀ ਜਿਹੀ ਮਚ ਗਈ। ਸ਼ਹਿਰੋਂ ਆਈਆਂ ਸੰਗਤਾਂ ਵਿਚੋਂ ਕਈਆਂ ਨੇ ਬਾਹਰ ਜਾਣ ਦਾ ਜਤਨ ਕੀਤਾ, ਪਰ ਪੁਲਿਸ ਦੀ ਨਾਕਾਬੰਦੀ ਨੇ ਕਿਸੇ ਨੂੰ ਵੀ ਕਈ ਘੰਟੇ ਬਾਹਰ ਜਾਣ ਨਾ ਦਿਤਾ।

ਫੜੇ ਹੋਏ ਸਿੰਘਾਂ ਵਿਚੋਂ ਇਕੱਲੇ ਨੌਜੁਆਨ ਸਿੰਘ ਨੂੰ ਤਾਂ ਚੌਕੀ ਨੰਬਰ ਚਾਰ ਸੀ.ਆਈ.ਏ. ਸਟਾਫ ਦੇ ਸਪੁਰਦ ਕਰ ਦਿਤਾ ਅਤੇ ਦੋ ਬੀਬੀਆਂ ਅਤੇ ਸਿੰਘ ਨੂੰ ਚੌਕੀ ਨੰਬਰ ਛੇ ਮਾਡਲ ਟਾਊਨ ਭੇਜ ਦਿਤਾ।

ਸੀ. ਆਈ. ਏ. ਸਟਾਫ਼ ਵਿਖੇ ਜਾਂਦਿਆਂ ਹੀ ਉਸ ਮਾੜੇ ਜਿਹੇ ਸਰੀਰ ਵਾਲੇ ਸਿੰਘ ਤੇ ਜੋ ਕਹਿਰ ਢਾਹੇ ਗਏ, ਉਹ ਬਿਆਨ ਤੋਂ ਬਾਹਰੇ ਹਨ। ਉਹ ਮਹੀਨਾ ਭਰ ਮੰਜੇ ਤੋਂ ਉਠਣ ਜੋਗਾ ਨਹੀਂ ਛਡਿਆ। ਲੱਤਾਂ ਪਾੜੀਆਂ ਪਈਆਂ ਹਨ, ਮਾਰ ਨਾਲ ਕੰਨ ਤੇ ਸਿਰ ਸੁੱਜੇ ਹੋਏ ਤੇ ਢਾਂਹ ਢਾਂਹ ਪਏ ਕਰਦੇ ਹਨ। ਪਸਲੀਆਂ ਦੀਆਂ ਦਰਦਾਂ ਕਰਕੇ ਲੰਮਾ ਪੈਣਾ ਵੀ ਮੁਸ਼ਕਲ ਹੈ। ਤਸ਼ੱਦਦ ਕਰਨ ਦੀ ਥਾਂ ਸਾਧਾਰਨ ਪੁਛ-ਪੜਤਾਲ ਨਾਲ ਹੀ ਇਹ ਮਸਲਾ ਹਲ ਹੋ ਸਕਦਾ ਸੀ।

ਉਸ ਸਿੰਘ ਦਾ ਕਸੂਰ ਕੀ ਸੀ ਜਿਸ ਕਰਕੇ ਉਸ ਨੂੰ ਇਉਂ ਬੇਦਰਦੀ ਨਾਲ ਕੋਹਿਆ ਗਿਆ? ਉਸ ਸਿੰਘ ਦਾ ਕਸੂਰ ਇਹ ਸੀ ਕਿ ਉਸ ਦਾ ਨਾਮ ਚਰਨਪਾਲ ਸਿੰਘ ਸਪੁਤਰ ਤਾਰਾ ਸਿੰਘ ਹੈ। ਤੇ ਪੁਲਿਸ ਨੂੰ ਕੋਈ ਚਰਨਜੀਤ ਸਿੰਘ ਪੁਤਰ ਪਾਖਰ ਸਿੰਘ ਕਿਸੇ ਦੋਸ਼ ਵਿਚ ਲੁੜੀਂਦਾ ਹੈ। ਬਸ, ਇਸੇ ਸਿੰਘ ਨੂੰ, ਬਦੋ ਬਦੀ ਚਰਨਜੀਤ ਸਿੰਘ ਬਣਾਉਣ ਲਈ ਤਸੀਹੇ ਦੇ ਦੇ ਕੇ ਟਿਲ ਲਾਇਆ ਗਿਆ। ਬਥੇਰੀਆਂ ਸਫ਼ਾਈਆਂ ਪੇਸ਼ ਕੀਤੀਆਂ ਗਈਆਂ ਅਤੇ ਸਿੰਘ ਵਲੋਂ ਲਵੇ ਕੋਚ ਫੈਕਟਰੀ ਕਪੂਰਥਲਾ ਵਿਖੇ ਸਰਵਿਸ ਕਰਨ ਦਾ ਅਡੰਟੀ ਕਾਰਡ (ਸ਼ਨਾਖ਼ਤੀ ਕਾਰਡ) ਵੀ ਦਿਖਾਇਆ ਗਿਆ। ਪਰ ਕਿਸੇ ਇਕ ਨਾ ਸੁਣੀ ਅਤੇ ਕਹੀ ਜਾਣ ਕਿ ''ਤੂੰ ਆਖ ਕਿ ਮੈਂ ਚਰਨਜੀਤ ਸਿੰਘ ਹਾਂ।''

ਅਖੀਰ ਬੜੀ ਨਸ-ਭਜ ਪਿਛੋਂ ਅਫ਼ਸਰਾਂ ਤਕ ਰਿਸਾਈ ਹੋਣ ਤੇ ਉਸ ਦੇ ਨਿਜੀ ਪਿੰਡੋਂ ਪੜਤਾਲ ਹੋਈ ਤਾਂ ਉਹ ਚਰਨਪਾਲ ਸਿੰਘ ਸਪੁਤਰ ਤਾਰਾ ਸਿੰਘ ਨੇਕ ਚਾਲ ਚਲਨ ਦਾ ਸਿੰਘ ਹੀ ਸਾਬਤ ਹੋਇਆ ਅਤੇ ੨੫-੧੧-੮੮ ਨੂੰ ਸਵੇਰੇ ਦਸ ਵਜੇ ਤੋਂ ਬਾਅਦ ਇਹ ਕਹਿ ਕੇ ਛਡ ਦਿਤਾ ਕਿ ਸਾਥੋਂ ਗਲਤ ਬੰਦਾ ਫੜਿਆ ਗਿਆ ਹੈ, ਸੂਹੀਏ ਨੇ ਗਲਤ ਇਸ਼ਾਰਾ ਕੀਤਾ।

ਇਸ ਘਟਨਾ ਨੂੰ ਮੁਖ ਰਖਦਿਆਂ ਸਮਾਗਮਾਂ ਵਿਚ ਪਹੁੰਚੇ ਸਾਰੇ ਸਿੰਘਾਂ ਸਿੰਘਣੀਆਂ ਨੂੰ ਚਾਹੀਦਾ ਹੈ ਕਿ ਉਹ ਵਕਤ ਦੀ ਨਜ਼ਾਕਤ ਨੂੰ ਪਛਾਣਨ ਅਤੇ ਕੀਰਤਨ-ਸਮਾਗਮਾਂ ਸਮੇਂ ਪੰਡਾਲ ਤੋਂ ਬਾਹਰ ਟੋਲੀਆਂ ਬਣਾ ਕੇ ਨਾ ਫਿਰਨ ਤੁਰਨ। ਸਾਰਾ ਸਮਾਂ ਕੀਰਤਨ ਅਸਥਾਨ ਵਿਚ ਜਾਂ ਲੰਗਰ ਦੀ ਸੇਵਾ ਵਿਚ ਹੀ ਸਫਲਾ ਕਰਨਾ ਚਾਹੀਦਾ ਹੈ।

ਖਾਲਸਾ ਜੀ ਦਾ ਸੇਵਕ—ਜਥੇਦਾਰ, ਅਖੰਡ ਕੀਰਤਨੀ ਜਥਾ

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ੨੫ ਸਾਲ ਜਾਂ ਘਟ ਉਮਰ ਦੇ ਅੰਮ੍ਰਿਤਧਾਰੀ ਬੱਚੇ ਪ੍ਰੀਖਿਆ ਦੇ ਸਕਦੇ ਹਨ। ਪਾਠ ਕਰਨ ਵਾਲਾ ਬੱਚਾ ਜੁੜਤ ਸਰੂਪ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਤੀ ਘੰਟਾ ੩੦ ਪੰਨੇ ਕਰ ਸਕਦਾ ਹੋਵੇ। ਉਹ ਪਾਠ ਕਰਨ ਦੇ ਗੁਣੰ ਨੂੰ ਕਮਾਈ ਦੇ ਤੌਰ ਤੇ ਨਾ ਵਰਤਦਾ ਹੋਵੇ। ਇਸ ਸਕੀਮ ਅਧੀਨ ਪ੍ਰੀਖਿਆ ਦੇਣ ਵਾਲੇ ਬੱਚੇ ਲੁੜੀਂਦੇ ਫ਼ਾਰਮ ੨੩-ਜੀ, ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ, ਮੁੜ ਉਸੇ ਪਤੇ ਤੇ ੨੫ ਦਸੰਬਰ ਤਕ ਭੇਜ ਦੇਣ। ਇਹ ਟੈਸਟ ਪੋਹ ਸੁਦੀ ਸਪਤਮੀ ਸਮਾਗਮ ਸਮੇਂ ਲੁਧਿਆਣੇ ਹੋਵੇਗਾ।

## ਭਾਈ ਸਾਹਿਬ ਰਣਧੀਰ ਸਿੰਘ ਕੀਰਤਨ-ਉਤਸ਼ਾਹਤ ਸਕੀਮ

ਜਿਹੜੇ ੨੦ ਸਾਲ ਤਕ ਦੀ ਉਮਰ ਦੇ ਅੰਮ੍ਰਿਤਧਾਰੀ ਬੱਚੇ ਜ਼ਬਾਨੀ ਆਸਾ ਦੀ ਵਾਰ (ਸ਼ਬਦ ਛਕਿਆਂ ਸਮੇਤ) ਦੇ ਕੀਰਤਨ ਦੀ ਯੋਗਤਾ ਲਈ, ਅੰਮ੍ਰਿਤਸਰ ਵਿਸਾਖੀ ਸਮਾਗਮ ਨਾ ਹੋਣ ਕਰਕੇ, ਪ੍ਰੀਖਿਆ ਨਹੀਂ ਦੇ ਸਕੇ, ਉਨ੍ਹਾਂ (ਤੇ ਹੋਰ ਭੀ ਜੋ ਚਾਹੁਣ) ਦੀ ਪ੍ਰੀਖਿਆ ਲੁਧਿਆਣਾ ਪੋਹ ਸੁਦੀ ਸਮਾਗਮ ਸਮੇਂ ਹੀ ਹੋਵੇਗੀ। ਉਹ ਵੀ ਆਪਣੇ ਨਾਂ ਅਤੇ ਨਵੇਂ ਫ਼ਾਰਮ ੨੫ ਦਸੰਬਰ ਤਕ ਇਸੇ ਪਤੇ ਤੇ ਭੇਜ ਦੇਣ।

ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

## *ਨਿਤਨੇਮ ਉਤਸ਼ਾਹਤ ਪ੍ਰੀਖਿਆ ਵਿਚ ਕਾਮਯਾਬ ਬੱਚਿਆਂ ਨੂੰ ਵਜ਼ੀਫੇ*

ਹੇਠ ਲਿਖੇ ਅੰਮ੍ਰਿਤਧਾਰੀ ਬੱਚੇ ਭਾਈ ਸਾਹਿਬ ਰਣਧੀਰ ਸਿੰਘ ਨਿਤਨੇਮ ਉਤਸ਼ਾਹਤ ਸਕੀਮ ਦੀ ਜਲੰਧਰ ਵਿਖੇ ੨੨-੧੧-੮੮ ਨੂੰ ਹੋਈ ਪ੍ਰੀਖਿਆ ਵਿਚ ਕਾਮਯਾਬ ਹੋਏ। ਉਨ੍ਹਾਂ ਨੂੰ ਸਾਲ ਭਰ ਲਈ ਦਿਤੇ ਗਏ ਵਜ਼ੀਫ਼ੇ ਦੀ ਰਕਮ ਦਾ ਵੇਰਵਾ ਉਨ੍ਹਾਂ ਦੇ ਨਾਵਾਂ ਨਾਲ ਦਰਜ ਕੀਤਾ ਗਿਆ ਹੈ—

**ਭਾਗ ਪਹਿਲਾ**—(੧) ਬੀਬੀ ਰਮਨਦੀਪ ਕੌਰ ਸਪੁਤਰੀ ਭਾ: ਨਰਿੰਦਰਪਾਲ ਸਿੰਘ ਮੁਹਾਲੀ, (੨ ਤੇ ੩) ਬੀਬੀ ਸਰਬਜੀਤ ਕੌਰ ਤੇ ਬੀਬੀ ਨਰਿੰਦਰ ਕੌਰ ਸਪੁਤਰੀ ਭਾ: ਸਰੂਪ ਸਿੰਘ ਫਰੀਦਾਬਾਦ ਨੂੰ ਤਿੰਨ ਤਿੰਨ ਸੌ ਰੁਪਏ।

**ਭਾਗ ਦੂਜਾ**—(੧) ਕਾਕਾ ਸੁਲੱਖਣ ਸਿੰਘ ਸਪੁਤਰ ਭਾ: ਵਸਣ ਸਿੰਘ ਨੈਨੋਕੋਟ, (੨) ਬੀਬੀ ਗੁਰਸ਼ਰਨ ਕੌਰ ਸਪੁਤਰੀ ਸ: ਜਰਨੈਲ ਸਿੰਘ ਦਿਲੀ ਨੂੰ ਛੇ ਛੇ ਸੌ ਰੁਪਏ।

**ਭਾਗ ਤੀਜਾ**—(੧) ਬੀਬੀ ਹਰਿੰਦਰ ਕੌਰ ਸਪੁਤਰੀ ਭਾ: ਨਰਿੰਦਰ ਸਿੰਘ ਅੰਮ੍ਰਿਤਸਰ, (੨) ਕਾਕਾ ਸਤਬੀਰ ਸਿੰਘ ਸਪੁਤਰ ਸ: ਕਰਮ ਸਿੰਘ ਲੁਧਿਆਣਾ ਨੂੰ ਨੌਂ ਨੌਂ ਸੌ ਰੁਪਏ।

ਦਾਸ—ਬਲਬੀਰ ਸਿੰਘ, ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

# ਗੁਰਬਾਣੀ ਸਾਧਨਾ ਸਕੀਮ ਅਧੀਨ ਪ੍ਰੀਖਿਆ ਦੇ ਇਨਾਮ

ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ (ਰਜਿ:) ਅੰਮ੍ਰਿਤਸਰ ਵਲੋਂ ਲਈ ਗਈ ਸੁਖਮਨੀ ਸਾਹਿਬ ਪ੍ਰੀਖਿਆ ਵਿਚ ਹੇਠ ਲਿਖੇ ਗੁਰਮੁਖਾਂ ਨੇ ਵਿਸ਼ੇਸ਼ ਇਨਾਮੀ ਅਸਥਾਨ ਪ੍ਰਾਪਤ ਕੀਤੇ—

ਰੋਲ ਨੰ: ੧੮ ਬੀਬੀ ਮਹਿੰਦਰ ਕੌਰ ਸਪੁਤਰੀ ਸ: ਹਰਭਜਨ ਸਿੰਘ ਅੰਮ੍ਰਿਤਸਰ—I, ੧੧੦੧-੦੦ ਰੁਪਏ, ਰੋਲ ਨੰ: ੫੧੦ ਬੀਬੀ ਗੁਰਪ੍ਰੀਤ ਕੌਰ ਸੁਪਤਨੀ ਸ: ਫ਼ੌਜਿੰਦਰ ਸਿੰਘ ਚੰਡੀਗੜ੍ਹ—II, ੫੦੧-੦੦, ਰੋਲ ਨੰ: ੧੩ ਬੀਬੀ ਅਮ੍ਰਿਤਪਾਲ ਕੌਰ ਸਪੁਤਰੀ ਸ: ਜੋਗਿੰਦਰ ਸਿੰਘ ਅੰਮ੍ਰਿਤਸਰ—II, ੫੦੧-੦੦, ਰੋਲ ਨੰ: ੨੯ ਬੀਬੀ ਇੰਦਰਪਾਲ ਕੌਰ ਸੁਪਤਨੀ ਸ: ਪਰਮਜੀਤ ਸਿੰਘ ਅੰਮ੍ਰਿਤਸਰ—III, ੨੫੧-੦੦ ਰੋਲ ਨੰ: ੧੨ ਬੀਬੀ ਹਰਜਿੰਦਰ ਕੌਰ ਸੁਪਤਨੀ ਸ: ਸਵਰਨ ਸਿੰਘ ਅੰਮ੍ਰਿਤਸਰ IV ੧੫੧-੦੦, ਰੋਲ ਨੰ: ੧੧੨ ਬੀਬੀ ਮੀਰਾ ਗਰੋਵਰ ਸਪੁਤਰੀ ਸ: ਸ਼ੇਰ ਸਿੰਘ—V, ੧੦੧-੦੦ ਰੁਪਏ।

## ਅਗਲੀਆਂ ਪ੍ਰੀਖਿਆਵਾਂ ਦੀ ਸੂਚਨਾ

| | | |
|---|---|---|
| (੧) | ਜਾਪੁ ਸਾਹਿਬ, ਅੰਮ੍ਰਿਤ ਸਵਯੇ ਚੌਪਈ ਤੇ ਸੋਹਿਲਾ | ਅਪ੍ਰੈਲ ੧੯੮੯ |
| (੨) | ਸੁਖਮਨੀ ਸਾਹਿਬ | ਜੂਨ ੧੯੮੯ |
| (੩) | ਜਪੁਜੀ, ਰਹਿਰਾਸ ਸਾਹਿਬ ਤੇ ਅਨੰਦ ਸਾਹਿਬ (ਸੰਪੂਰਨ) | ਨਵੰਬਰ ੧੯੮੯ |

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ :—

| | |
|---|---|
| ਕੋਹਲੀ ਪਰਵਾਰ (ਹੜ੍ਹ-ਪੀੜਤਾਂ ਲਈ) | ੧੫,੦੦੦-੦੦ |
| ਭਾਈ ਹਰਬੰਸ ਸਿੰਘ ਮਿਸ਼ਰੀ ਵਾਲੇ, ਅੰਮ੍ਰਿਤਸਰ | ੫੦੦-੦੦ |
| ਸ: ਅੰਮ੍ਰਿਤ ਸੁਰਿੰਦਰਪਾਲ ਸਿੰਘ ਮੋਹਾਲੀ | ੨੦੦-੦੦ |
| ਸ: ਬਲਦੇਵ ਸਿੰਘ, ਅੰਮ੍ਰਿਤਸਰ | ੧੦੦-੦੦ |
| ਸ: ਜਰਨੈਲ ਸਿੰਘ, ਲਸਿਸਟਰ ਯੂ. ਕੇ. | ੧੦੦੦-੦੦ |
| ਭਾ: ਗੁਰਦਿਆਲ ਸਿੰਘ, ਅੰਮ੍ਰਿਤਸਰ | ੧੦੦-੦੦ |
| ਭਾ: ਸੁਖਦੇਵ ਸਿੰਘ, ਜਾਣੀਆਂ | ੧੦੦-੦੦ |
| ਭਾ: ਅਮਰਜੀਤ ਸਿੰਘ ਡਰਾਫ਼ਟਮੈਨ, ਬਠਿੰਡਾ | ੩੦੦-੦੦ |
| ਸ: ਗੁਰਦੇਵ ਸਿੰਘ, ਬਸਤੀ ਲਾਲਪੁਰ ਬਠਿੰਡਾ | ੨੦-੦੦ |
| ਸ: ਦਰਸ਼ਨ ਸਿੰਘ, S.D.O. ਅੰਮ੍ਰਿਤਸਰ | ੨੦੦-੦੦ |
| ਸ: ਦਲੀਪ ਸਿੰਘ, ਦਿਲੀ | ੨੧੦੦-੦੦ |
| ਸ: ਹਰਜੀਤ ਸਿੰਘ, ਦਿਲੀ | ੫੦੦-੦੦ |
| ਸ: ਭਗਤ ਸਿੰਘ, ਦਿਲੀ | ੧੦੦-੦੦ |
| ਸ: ਅੰਮ੍ਰਿਤਪਾਲ ਸਿੰਘ ਤੇ ਸੰਗਤ, ਦਿਲੀ | ੧੧੦੦-੦੦ |
| ਸ: ਸੁਖਵਿੰਦਰ ਸਿੰਘ, ਦਿਲੀ | ੫੦੦-੦੦ |
| ਸ: ਹਰਪ੍ਰੀਤ ਸਿੰਘ, ਅੰਮ੍ਰਿਤਸਰ | ੧੦੦੦-੦੦ |
| ਸ: ਜਸਵੰਤ ਸਿੰਘ, ਚੰਡੀਗੜ੍ਹ! | ੫੦੦-੦੦ |
| ਗੁਪਤ | ੨੦੦-੦੦ |
| ਸ: ਗੁਰਬਖਸ਼ ਸਿੰਘ, ਕਪੂਰਥਲਾ | ੧੦੦-੦੦ |
| ਬੀਬੀ ਮਨਜੀਤ ਕੌਰ, ਲਸਿਸਟਰ ਯੂ. ਕੇ. | ੩੦੦-੦੦ |
| ਸ: ਜਤਿੰਦਰ ਸਿੰਘ, ਨਵੀਂ ਦਿਲੀ | ੧੫੦-੦੦ |
| ਸ: ਅਜੀਤ ਸਿੰਘ, ਕੈਰੋਂ | ੧੦੦-੦੦ |
| ਬੀਬੀ ਸੁਸ਼ੀਲ ਕੌਰ, ਹੁਸ਼ਿਆਰਪੁਰ | ੩੦-੦੦ |
| ਗੁਪਤ | ੧੫੦-੦੦ |
| ਗੁਪਤ | ੫੦-੦੦ |
| ਸ: ਹਰਦੇਵ ਸਿੰਘ, ਲੁਧਿਆਣਾ | ੧੫੦-੦੦ |
| ਗੁਪਤ | ੧੫੦-੦੦ |
| ਭਾਈ ਪਰਮਜੀਤ ਸਿੰਘ, ਜਲੰਧਰ | ੧੩੦੦-੦੦ |
| ਸ: ਸੁਖਦੇਵ ਸਿੰਘ, ਸਾਊਥਾਲ ਯੂ.ਕੇ. (ਸ਼ਹੀਦੀ ਫੰਡ) | ੭੫੬-੦੦ |
| ਗੁ: ਸ੍ਰੀ ਗੁਰੂ ਸਿੰਘ ਸਭਾ, ਨਾਰਥੈਂਪਟਨ ਯੂ. ਕੇ, | ੮੧੦੦-੦੦ |
| ,, ,, ,, ,, ,, | ੨੮੩੫-੦੦ |
| ਸੰਗਤ ਗੁ:ਦਸਮੇਸ਼ ਦਰਬਾਰ ਈਸਟਰਨ ਮੈਨਰ ਯੂਕੇ. | ੫੯੧੩-੦੦ |
| ਗੁਰਦਵਾਰਾ ਸਿਖ ਟੈਂਪਲ ਮੇਡਨਹੈਡ ਯੂ. ਕੇ. | ੭੯੯-੦੦ |
| J.W.O. ਤੇਜਿੰਦਰ ਸਿੰਘ, ਮਦਰਾਸ | ੧੦੦-੦੦ |
| ਸ: ਜਰਨੈਲ ਸਿੰਘ, ਲਸਿਸਟਰ ਯੂ. ਕੇ. | ੧੦੦੦-੦੦ |
| ਸ: ਅਜਮੇਰ ਸਿੰਘ, ਸ਼ੇਰਪੁਰ ਖ਼ੁਰਦ | ੫੦-੦੦ |
| ਗੁਪਤ | ੨੦-੦੦ |
| ਬੀਬੀ ਸੁਰਜੀਤ ਕੌਰ ਕੋਟਾ | ੧੦੦-੦੦ |
| ਭਾਈ ਅਵਤਾਰ ਸਿੰਘ ਕੋਟਾ | ੧੦੦-੦੦ |
| ਸੰਗਤ ਗਾਂਧੀ ਨਗਰ ਦਿਲੀ | ੧੦੦੦-੦੦ |
| ਗੁਰਦੁਆਰਾ ਸਿਖ ਟੈਂਪਲ ਮੇਡਨਹੈਡ ਯੂ. ਕੇ. | ੨੦੦-੦੦ |
| ਸੰਗਤ ਗੁ: ਸਿੰਘ ਸਭਾ ਈਸਟ ਬਾਰਕਿੰਗ ਯੂ. ਕੇ. | ੨੦੬੦-੦੦ |
| ਸ: ਮਲਕੀਅਤ ਸਿੰਘ, ਸਲੋਅ ਯੂ. ਕੇ. | ੨੭੦-੦੦ |
| ਸ: ਕੁਲਵੰਤ ਸਿੰਘ, ਨੋਟਿੰਘਮ ਯੂ. ਕੇ. | ੫੪੦-੦੦ |
| ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼, ਕੋਵੈਨਟਰੀ ਯੂ.ਕੇ. | ੩੬੭੨-੦੦ |
| ਭਾਈ ਨਿਰਮਲ ਸਿੰਘ ਗਰੇਵਾਲ, ਸਲੋਅ ਯੂ. ਕੇ | ੧੬੨੦-੦੦ |
| ਸ: ਦਲਜੀਤ ਸਿੰਘ, ਗਰੇਵਜ਼ੈਂਡ ਯੂ. ਕੇ. | ੬੭੫-੦੦ |
| ਸ: ਕੁਲਵੰਤ ਸਿੰਘ, ਨੋਟਿੰਘਮ ਯੂ. ਕੇ. | ੫੪੦-੦੦ |
| ਸੰਗਤ ਗੁ: ਰਾਮਗੜ੍ਹੀਆ, ਕੋਵੈਨਟਰੀ ਯੂ. ਕੇ. | ੧੩੯੮੬-੦੦ |
| ਸ: ਰਤਨ ਸਿੰਘ, ਚੈਥਮ ਯੂ. ਕੇ. | ੧੯੧੭-੦੦ |
| ਸ: ਹਰਬਖਸ਼ ਸਿੰਘ ਸਰਾਏ ਚੈਥਮ ਯੂ. ਕੇ. | ੪੦੫-੦੦ |
| ਸ: ਹਰਿੰਦਰਪਾਲ ਸਿੰਘ, ਮਾਹਣਾ ਲੁਧਿਆਣਾ | ੪੦੦-੦੦ |
| ਖਾਲਸਾ ਫੈਂਸੀ ਸਟੋਰ, ਆਦਮਪੁਰ | ੧੦੧-੦੪ |
| ਗੁਪਤ | ੨੦੦-੦੦ |
| ਸ: ਪਰਮਜੀਤ ਸਿੰਘ, ਪੰਨਵਾਂ, ਹੁਸ਼ਿਆਰਪੁਰ | ੨੧-੦੦ |
| ਸ: ਬਚਨ ਸਿੰਘ, ਮੰਡਹੁਲਾ ਕਪੂਰਥਲਾ | ੧੨੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਪਰਵਾਰਾਂ ਦੇ ਕਮਾਊ ਮੈਂਬਰ ਮਾਰੇ ਗਏ ਜਾਂ 'ਨੀਲਾ' ਤਾਰਾ' ਉਪਰੇਸ਼ਨ ਸਮੇਂ ਲ-ਪਤਾ ਹਨ, ਜਾਂ ਕੈਦ ਵਿਚ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ ਹੇਠ ਲਿਖੀ ਮਦਦ ਦਿਤੀ ਗਈ :

| | |
|---|---|
| ਬੀ: ਜੁਗਿੰਦਰ ਕੌਰ ਸਪੁਤਰੀ ਸ: ਜਸਾ ਸਿੰਘ ਵਿਜੈ ਨਗਰ ਅੰਮ੍ਰਿਤਸਰ (ਪਤੀ ਲਾ-ਪਤਾ, ਬੱਚਿਆ ਤੇ ਘਰ ਦਾ ਗੁਜ਼ਾਰਾ) | ੪੦੦੦-੦੦ |
| ਬੀ: ਕੁਲਜੀਤ ਕੌਰ ਸੁਪਤਨੀ ਸ ਬਲਦੇਵ ਸਿੰਘ ਕ੍ਰਿਸ਼ਨ ਨਗਰ ਅੰਮ੍ਰਿਤਸਰ(ਪਤੀ ਜੇਲ੍ਹ ਵਿਚ, ਕੇਸ ਦੀ ਪੈਰਵੀ ਲਈ) | ੧੦,੦੦੦-੦੦ |
| ਬੀ: ਜੁਗਿੰਦਰਕੌਰ ਸੁਪਤਨੀ ਸ: ਮੁਖਤਿਆਰਸਿੰਘ. ਏਕਤਾਨਗਰ ਅੰਮ੍ਰਿਤਸਰ(ਪਤੀ ਜੇਲ੍ਹ,ਗੁਜ਼ਾਰੇ ਲਈ ਸਿਲਾਈ ਮਸ਼ੀਨ) | ੨੦੦੦-੦੦ |
| ਬੀ: ਬਲਵੀਰ ਕੌਰ ਸੁਪਤਨੀ ਕਰਮਜੀਤ ਸਿੰਘ, ਸਿਖਾਂ ਵਾਲਾ ਫਰੀਦਕੋਟ (ਪਤੀ ਜੇਲ੍ਹ, ਤਿੰਨ ਬੱਚੇ) | ੪੦੦੦-੦੦ |
| ਬੀ: ਜੁਗਿੰਦਰ ਕੌਰ ਸੁਪਤਨੀ ਸਜਣ ਸਿੰਘ, ਸੰਧੂ ਚੱਠਾ ਕਪੂਰਥਲਾ (ਪਤੀ ਹਿਰਾਸਤ ਵਿਚ, ਤਿੰਨ ਬੱਚੇ) | ੩੦੦੦-੦੦ |
| ਬੀ: ਕੀਰਤ ਕੌਰ, ਝਾਵਾਂ ਹੁਸ਼ਿਆਰਪੁਰ (ਪਤੀ ਜੇਲ੍ਹ ਵਿਚ, ਕੇਸ ਦੀ ਪੈਰਵੀ ਲਈ) | ੫੦੦੦-੦੦ |
| ਮਾਸਕ ਸਹਾਇਤਾ ੫ + ੬ + ੫ = ੧੭ ਪੀੜਤ ਪਰਵਾਰਾਂ ਨੂੰ ਬੈਂਕ ਰਾਹੀਂ | ੩੭੦੦-੦੦ |

ਖ਼ਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫਤਰ

www.AKJ.Org

# ਬੀਬੀ ਇਨਾਮ ਕੌਰ ਜੀ, ਪਟਿਆਲਾ



ਬੀਬੀ ਜੀ ਪੁਰਾਤਨ ਸਿੰਘਣੀਆਂ ਵਾਂਗ ਇਕ ਕੀਰਤਨੀ ਬੀਬੀ ਸੀ । ਜਦੋਂ ਦੇ ਅੰਮ੍ਰਿਤ ਪਾਨ ਕਰ ਕੇ, ਗੁਰਸਿਖ ਰਹਿਤ-ਰਹਿਣੀ ਨੂੰ ਧਾਰ ਕੇ ਤਿਆਰ-ਬਰ-ਤਿਆਰ ਹੋਏ, ਜਥੇ ਦੇ ਸਮਾਗਮਾਂ ਤੇ ਸਦਾ ਕੀਰਤਨ ਅਤੇ ਲੰਗਰ ਦੀ ਸੇਵਾ ਲਗਨ ਨਾਲ ਨਿਭਾਉਂਦੇ ਰਹੇ । ਇਸੇ ਸਾਲ ਦੇ ਅਰੰਭ ਵਿਚ ਸੱਦੇ ਆਉਣ ਤੇ ਆਪ ਗੁਰੂ-ਚਰਨਾਂ ਵਿਚ ਜਾ ਬਿਰਾਜੇ । ਉਨ੍ਹਾਂ ਦੀ ਪਿਆਰੀ ਯਾਦ ਵਿਚ ੧੧ ਦਸੰਬਰ ਐਤਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪੈਣੇ ਹਨ । ਗੁਰਬਾਣੀ ਕੀਰਤਨ ਦੁਆਰਾ ਅਸੀਸੜੀਆਂ ਦੇਣ ਲਈ, ਉਨ੍ਹਾਂ ਦੇ ਗ੍ਰਹਿ ੧੫੭-ਨਿਊ ਯਾਦਵਿੰਦਰਾ ਕਲੋਨੀ, ਸਰਹਿੰਦ ਰੋਡ, ਪਟਿਆਲਾ ਵਿਚ ਆਇ ਜੁੜੋ ।

---

ਲੁਧਿਆਣਾ ਵਿਖੇ ਦਸਮੇਸ਼ ਪ੍ਰਕਾਸ਼ ਉਤਸਵ ਸਮਾਗਮ ੧੨ ਤੋਂ ੧੫ ਜਨਵਰੀ ੧੯੮੯ ਨੂੰ ਹੋਵੇਗਾ
ਵੇਰਵਾ ਆਉਂਦੇ ਸੂਰਾ ਵਿਚ

---

ਨਾਰੰਗਵਾਲ (ਲੁਧਿਆਣਾ) ਗੁਰਦੁਆਰਾ ਅਕਾਲੀ ਵਾਲਾ ਵਿਖੇ
੧੭ ਦਸੰਬਰ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ

---

ਬਸੀ ਪਠਾਣਾਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ

੧੩ ਦਸੰਬਰ ਮੰਗਲਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਲਾਲ ਗੁਰਦੁਆਰਾ ਧੋਬੀ ਮਹੱਲਾ ਵਿਖੇ ਆਇ ਜੁੜੋ ਜੀ ।

ਮੋਗਾ ਬਲਦੇਵ ਨਗਰ, ਨੀਊ ਬਾਗ ਗਲੀ ਵਿਖੇ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ

ਭਾਈ ਜਰਨੈਲ ਸਿੰਘ ਦੇ ਗ੍ਰਹਿ ਵਡਭਾਗੀ ਨਿਵਾਸ ਵਿਚ ੧-੧-੮੯ ਸਵੇਰੇ ੬ ਤੋਂ ੧੧ ਕੀਰਤਨ ਵਿਖੇ ਆਇ ਜੁੜੋ ਜੀ ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ—

(1) 25-12-88 ਤੋਂ 28-12-88 ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਸਮੇਂ ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਕੀਰਤਨ ਗੁਰਦੁਆਰਾ ਮੈਡਵੇਅ ਟਾਊਨ, ਕੋਸਕ ਸਟਰੀਟ, ਰੋਚੈਸਟਰ ਕੈਂਟ ਵਿਖੇ, ਫ਼ੋਨ : ਗੁਰਦਵਾਰਾ 0634-49782
ਵਧੇਰੇ ਜਾਣਕਾਰੀ ਲਈ ਭਾ: ਹਰਬਖ਼ਸ਼ ਸਿੰਘ ਸਰਾਏ ਚੈਥਮ ਵਾਲੇ ਫ਼ੋਨ : 0634-407547

(2) ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸਵ ਸੰਬੰਧੀ 19-1-89 ਸ਼ਾਮ ਨੂੰ ਅਰੰਭ ਅਖੰਡਪਾਠ ਅਤੇ 21.1.89 ਸ਼ਾਮ ਨੂੰ ਭੋਗ ਅਖੰਡਪਾਠ ਤੋਂ ਉਪਰੰਤ ਰੈਣ ਸਬਾਈ ਕੀਰਤਨ ਗੁਰਦਵਾਰਾ (ਸਿਖ ਟੈਂਪਲ) 31-ਰੂਟਲੈਂਡ ਰੋਡ, ਮੇਡਨਹੈਡ ਯੂ. ਕੇ ਵਿਖੇ। ਗੁਰਦਵਾਰਾ ਫ਼ੋਨ : 94-23507
ਵਧੇਰੇ ਜਾਣਕਾਰੀ ਲਈ ਭਾ: ਇੰਦਰਪਾਲ ਸਿੰਘ ਗਰੇਵਾਲ ਜਨਰਲ ਸੈਕਟਰੀ ਗੁਰਦਵਾਰਾ, ਫ਼ੋਨ 94-28536

(3) ਸ: ਅਜੀਤ ਸਿੰਘ ਡਰਬੀ ਤੋਂ ਸੂਚਨਾ ਦੇਂਦੇ ਹਨ—ਬੀ: ਇਕਬਾਲ ਕੌਰ ਦੇ ਗ੍ਰਹਿ 123-ਪੀਅਰ ਟ੍ਰੀ ਸਟਰੀਟ ਡਰਬੀ ਵਿਖੇ 30-12-88 ਨੂੰ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ, ਫ਼ੋਨ : 0332-767433

(4) 7-1-89 ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਗੁਰਦਵਾਰਾ ਗੁਰੂ ਅਰਜਨ ਦੇਵ ਡਰਬੀ ਕਮੇਟੀ ਦੇ ਸਹਿਯੋਗ ਨਾਲ 54-ਕਰਾਮਵੈਲ ਰੋਡ ਡਰਬੀ ਵਿਖੇ, ਫ਼ੋਨ 0332-32539, ਪੁਛ ਗਿਛ· ਭਾ: ਚੇਤ ਸਿੰਘ ਮੁੰਦਰਾ 0332-362977

---

ਬੰਗੇ ਵਿਖੇ ਸ਼ਹੀਦੀ ਗੁਰਪੁਪਬ ਸਮਾਗਮ ਨਹੀਂ ਹੋ ਰਹੇ

---

ਮਨੀਆਡਰ ਤੇ ਡਰਾਫਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar**

www.AKJ.Org